ISSN 0972-2335

# ਅੰਮ੍ਰਿਤ ਕੀਰਤਨ

## ਫਰਵਰੀ 2017



ਮਉਲੀ ਧਰਤੀ ਮਉਲਿਆ ਅਕਾਸੁ ॥

ਘਟਿ ਘਟਿ ਮਉਲਿਆ ਆਤਮ ਪ੍ਰਗਾਸੁ ॥੧॥

ਰਾਜਾ ਰਾਮੁ ਮਉਲਿਆ ਅਨਤ ਭਾਇ ॥

ਜਹ ਦੇਖਉ ਤਹ ਰਹਿਆ ਸਮਾਇ ॥੧॥ ਰਹਾਉ ॥

ਦੁਤੀਆ ਮਉਲੇ ਚਾਰਿ ਬੇਦ ॥

ਸਿੰਮ੍ਰਿਤਿ ਮਉਲੀ ਸਿਉ ਕਤੇਬ ॥੨॥

ਸੰਕਰੁ ਮਉਲਿਓ ਜੋਗ ਧਿਆਨ ॥

ਕਬੀਰ ਕੋ ਸੁਆਮੀ ਸਭ ਸਮਾਨ ॥੩॥੧॥

ਮੁੱਲ 15/-

ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

Posting Every 1st of Month
Posted by MBU Chd.

# ਮਿਲਾਪ ਬਿਹਬਲਤਾ

ਸਿੱਕਾਂ ਸਿਕਦੀ, ਸਿਕਦੀ ਮਰ ਗਈ,

ਸਾਲ ਹੋਇਆ ਮਸਾਂ ਪੂਰਾ, ਹਾਏ ਪੂਰਾ !

ਮਾਸ ਪਿੰਜਰ ਦਾ ਸੁੱਕ ਗਿਆ ਸਾਰਾ,


ਹੱਡੀਆਂ ਹੋਇ ਗਈਆਂ ਚੂਰਾ, ਹਾਏ ਚੂਰਾ !

ਤਾਂਘ ਤੇਰੀ ਵਿੱਚ ਬਿਹਬਲ ਰਹਿਕੇ

ਮਰਦੀ ਰਹਾਂ ਵਿਚ ਹਾਵੇ।

ਸੰਤੋਖ ਬਿਟ ਬਿਟ ਵੇਖਣ ਆਤੁਰ ਅੱਖਾਂ,

ਛੇਤੀ ਦੇਵੀਂ ਦਰਸ ਵੇ ਨੂਰਾ !



# मिलाप बिहबलता

सिक्कां सिकदी सिकदी मर गई,

साल होया मसां पूरा, हाए पूरा!

मास पिंजर दा सुक्क गया सारा,

हड्डियां होईयां चूरा, हाए चूरा!

तांघ तेरी विच्च बिहबल रह के,

मरदी रहां विच्च हावे।

संतोख बि बि देखण आतुर अक्खवां,

छेती देवीं दरस वे नूरा!

**ਪੁਸਤਕ –ਗੁੱਝੀਆਂ ਰਮਜ਼ਾਂ : ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ**

# ਅੰਮ੍ਰਿਤ ਕੀਰਤਨ

**ਸੰਪਾਦਕ (ਆਨਰੇਰੀ)**

**ਡਾ. ਜਾਗੀਰ ਸਿੰਘ**

**ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀਐਚ. ਡੀ**

**ਸਹਿਯੋਗੀ**

**ਸ. ਹਰਭਜਨ ਸਿੰਘ ▲ ਸ. ਉੱਤਮ ਸਿੰਘ**

**ਆਨਰੇਰੀ ਸਲਾਹਕਾਰ**

**ਸ: ਹਰਚੰਦਨ ਸਿੰਘ**


▲ ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

▲ 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: ੪/੮/੯੦ ਮਿਤੀ ੨੦/੨/੯੧ ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।

**ਚੰਦੇ ਦਾ ਵੇਰਵਾ**

▲ ਇਕ ਕਾਪੀ 15 ਰੁ.,
ਦੇਸ਼ ਸਾਲਾਨਾ ਚੰਦਾ 150 ਰੁ.
ਜੀਵਨ ਮੈਂਬਰ ਚੰਦਾ 1500 ਰੁ.

▲ ਵਿਦੇਸ਼: ਸਲਾਨਾ ਚੰਦਾ 30 £, ਜੀਵਨ ਮੈਂਬਰ ਚੰਦਾ 300 £

▲ 'ਅੰਮ੍ਰਿਤ ਕੀਰਤਨ' ਲਈ ਡਰਾਫਟ, ਮਾਇਕ ਸਹਾਇਤਾ, ਚਿੱਠੀ ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ–


ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
422, ਸੈਕਟਰ 15–ਏ, ਚੰਡੀਗੜ੍ਹ 160 015
ਫੋਨ : 0172-2772660, 098140 53630

e-mail: drjagirsingh@gmail.com
Website : www.amritkirtan.com, www.gurshabad.com



ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼, ਸ਼ੋਅਰੂਮ ਨੰ: 443, ਮਟੌਰ, ਸੈਕਟਰ 70, ਮੁਹਾਲੀ ਫੋਨ : 0172-2216283, 98150-72197ਤੋਂ ਛਪਵਾ ਕੇ 422, ਸੈਕਟਰ 15–ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।


## ਇਸ ਅੰਕ ਵਿਚ


| | |
|---|---|
| ਸੰਪਾਦਕੀ : ਕਰਉ ਬੇਨੰਤੀਆ<br>ਰਾਗਾਂਜਲੀ | 4 |
| ਗੁਰਮਤਿ ਸੰਗੀਤ ਵਿੱਚ ਟਕਸਾਲ<br>–ਗੁਰਨਾਮ ਸਿੰਘ (ਡਾ.) | 5 |
| ਸਿੱਖ ਗ੍ਰਿਹਸਤ ਜੀਵਨ ਅਤੇ ਗੁਰਮਤਿ ਸੰਗੀਤ<br>–ਡਾ. ਜਾਗੀਰ ਸਿੰਘ | 9 |
| ਓਮ<br>–ਡਾ. ਜਾਗੀਰ ਸਿੰਘ | 14 |
| ਸੰਗੀਤ ਕੌਮੁਦੀ ਪੁਸਤਕ ਦਾ ਵਿਵੇਚਨਾਤਮਕ ਅਧਿਐਨ<br>(ਚਾਰ ਭਾਗਾਂ ਵਿੱਚ ਪ੍ਰਕਾਸ਼ਿਤ)–ਰਿਸ਼ਪਾਲ ਸਿੰਘ | 15 |
| ਬਹੁ ਪੱਖੀ ਸ਼ਖਸੀਅਤ : ਭਾਈ ਕਰਮ ਸਿੰਘ ਰਤਨ<br>ਭਾਈ ਗੁਰਮੀਤ ਸਿੰਘ ਜੋਸ਼ | 19 |
| ਸੁਰ ਲਿਪੀ ਬਸੰਤੁ ਮਹਲਾ ੫ | 22 |
| ਸ਼ਬਦ ਦੇ ਅਰਥ | 23 |


### ਵਿਸ਼ੇਸ਼ ਸੂਚਨਾ

ਅੰਮ੍ਰਿਤ ਕੀਰਤਨ ਇਕ ਵਿਸ਼ੇਸ਼ ਪ੍ਰਕਾਰ ਦਾ ਮਾਸਿਕ ਪੱਤਰ ਹੈ। ਜੇ ਇਹ ਤੁਹਾਨੂੰ ਨਹੀਂ ਚਾਹੀਦਾ ਤਾਂ ਤੁਸੀਂ ਐਡਰੈੱਸ ਰੈਪਰ (ਕਵਰ ਪੇਪਰ) 'ਤੇ ਵਾਪਿਸ ਜਾਵੇ ਜਾਂ Return ਲਿਖ ਕੇ ਪੋਸਟ ਬਾਕਸ ਵਿਚ ਪਾ ਦਿਉ ਤਾਂ ਜੋ ਅੱਗੇ ਤੋਂ ਤੁਹਾਨੂੰ ਮੈਗਜ਼ੀਨ ਬੰਦ ਕਰ ਦਿੱਤਾ ਜਾਵੇ ਜਾਂ 9814053630 'ਤੇ ਸੂਚਿਤ ਕਰੋ ਜੀ।

### ਮਾਇਕ ਸਹਾਇਤਾ ਭੇਜਣ ਦੀ ਕਿਰਪਾ ਕਰੋ ਜੀ

ਚੈੱਕ ਜਾਂ ਡਰਾਫਟ **'ਅੰਮ੍ਰਿਤ ਕੀਰਤਨ ਟ੍ਰਸਟ'** ਦੇ ਨਾਮ ਹੀ ਭੇਜੇ **ਜਾਣ ਜੀ। ਜਾਂ** State Bank of Patiala ਵਿਚ Amrit Kirtan Trust A/c 65079603302 **ਵਿਚ ਸਿੱਧਾ ਜਮਾਂ ਕਰਾ ਕੇ ਸਾਨੂੰ ਨਾਮ ਅਤੇ ਐੱਡਰੈੱਸ ਜ਼ਰੂਰ ਸੂਚਿਤ ਕਰੋ ਜੀ ਤਾਂ ਜੋ ਅਸੀਂ ਰਸੀਦ ਕੱਟ ਸਕੀਏ।**

Donations to AMRIT KIRTAN TRUST are eligible for relief u/s 80 G of Income-Tax Act, 1961 (43 of 1961) vide CIT/- I/ CHD/ Tech./ 80-G/ 2008-939 dated 19-05- 2008 valid up to 31/03/2012 and now valid in perpetuity.

Cheque should be sent in the name of AMRIT KIRTAN TRUST payable at chandigarh. Donations also can be sent by money order

# ਕਰਉ ਬੇਨੰਤੀਆ

## ਰਾਗਾਂਜਲੀ

ਸ੍ਰ ਗੁਰਬਖਸ਼ ਸਿੰਘ ਜੀ ਦੀ ਰਚਿਤ ਪੁਸਤਕ ਰਾਗਾਂਜਲੀ ਪੁੱਜੀ ਹੈ ।ਗੁਰਬਖਸ਼ ਸਿੰਘ ਇਸ ਸਮੇਂ ਇੰਗਲੈਂਡ ਵਿੱਚ ਰਹਿੰਦੇ ਹਨ ਉਥੇ ਉਹ ਸੰਗੀਤ ਦੇ ਕਈ ਪ੍ਰਾਜੈਕਟਾਂ ਤੇ ਕੰਮ ਕਰਦੇ ਰਹਿੰਦੇ ਹਨ।ਬਚਪਨ ਸਮੇਂ ਉਹਨਾਂ ਦੇ ਘਰ ਦਾ ਮਾਹੌਲ ਸੰਗੀਤ ਮਈ ਸੀ। ਉਹਨਾਂ ਦੇ ਪਿਤਾ ਜੀ ਸ੍ਰ ਹਰਨਾਮ ਸਿੰਘ ਦੀ ਉਸਤਾਦ ਨਿਹਾਲ ਸਿੰਘ ਜੋ ਮੈਰਿਸ ਕਾਲ ਆਫ ਮਿਉਜ਼ਿਕ ਦੇ ਸਿਖਸ਼ਤ ਸਨ ਨਾਲ ਚੰਗੀ ਦੋਸਤੀ ਸੀ। ਉਹ ਇਹਨਾਂ ਦੇ ਘਰ ਆਮ ਆਉਂਦੇ ਜਾਂਦੇ ਸਨ ਉਹਨਾਂ ਪਾਸੋਂ ਕਲਾਸੀਕਲ ਸੰਗੀਤ ਸੁਣਨ ਦਾ ਮੌਕਾ ਬਣਦਾ ਰਹਿੰਦਾ ਸੀ। ਗੁਰਬਖਸ਼ ਸਿੰਘ ਜੀ ਨੂੰ ਸੰਤ ਜਵੰਦ ਸਿੰਘ ਰਾਜਾ ਸਾਂਸੀ ਵਾਲੇ ਜੋ ਆਪਣੇ ਸਮੇਂ ਪ੍ਰਵੀਣ ਕੀਰਤਨੀਏ ਸਨ,ਭਾਈ ਹੀਰਾ ਸਿੰਘ ਭਾਗ ਸਿੰਘ ਆਦਿ ਦੇ ਦਰਸ਼ਨ ਕਰਨ ਦਾ ਮੌਕਾ ਵੀ ਮਿਲਦਾ ਰਹਿੰਦਾ ਸੀ। ਇਹਨਾਂ ਨੇ ਆਪਣੇ ਪਿਤਾ ਜੀ ਅਤੇ ਪੰਡਿਤ ਕਾਂਸ਼ੀ ਰਾਮ ਜੀ ਪਾਸੋਂ ਮੁਢੱਲੀ ਸੰਗੀਤ ਸਿੱਖਿਆ ਪ੍ਰਾਪਤ ਕੀਤੀ। ਕੁਝ ਸਮਾਂ ਪ੍ਰਸਿੱਧ ਠੁਮਰੀ ਗਾਇਕ ਸਰਦਾਰ ਮਹਿੰਦਰ ਸਿੰਘ ਪਾਸੋਂ ਤਾਲੀਮ ਹਾਸਲ ਕੀਤੀ। ਫਿਰ ਇਹ ਇੰਗਲੈਂਡ ਚਲੇ ਗਏ।ਬਾਅਦ ਵਿੱਚ ਇਹ ਆਗਰਾ ਘਰਾਣੇ ਦੇ ਸਿਰਮੌਰ ਗਾਇਕ ਪੰਡਿਤ ਯਸ਼ਪਾਲ ਜੀ ਚੰਡੀਗੜ੍ਹ ਦੇ ਪੱਕੇ ਸ਼ਾਗਿਰਦ ਬਣ ਗਏ। ਆਪ ਜਦੋਂ ਭਾਰਤ ਆਉਂਦੇ ਤਾਂ ਯਸ਼ਪਾਲ ਜੀ ਪਾਸੋਂ ਸਿੱਖਿਆ ਪ੍ਰਾਪਤ ਕਰਦੇ। ਯਸ਼ਪਾਲ ਜੀ ਵੀ ਇੰਗਲੈਂਡ ਇਹਨਾਂ ਕੋਲ ਜਾ ਕੇ ਠਹਿਰਦੇ।ਇਸ ਤਰ੍ਹਾਂ ਇਹ ਪੁਸਤਕ ਇੱਕ ਲੰਮੇਰੀ ਸੰਗੀਤ ਸਾਧਨਾ ਦਾ ਨਤੀਜਾ ਹੈ।ਵਿਸ਼ਾਲ ਪ੍ਰਭਾਵਾਂ ਸਦਕਾ ਹੋਂਦ ਵਿੱਚ ਆਈ।

ਇਸ ਪੁਸਤਕ ਵਿੱਚ ਪ੍ਰਚਲਤ ਅਤੇ ਪ੍ਰਚਲਤ ਰਾਗਾਂ ਦੀਆਂ ਵੱਖ ਵੱਖ ਤਾਲਾਂ ਵਿੱਚ ਗੁਰਮਤ ਸੰਗੀਤ ਵਿੱਚ ਗਾਇਨ ਕੀਤੇ ਜਾ ਰਹੇ ਸ਼ਬਦਾਂ ਦੀਆਂ ਲਗਭਗ 110 ਬੰਦਸ਼ਾਂ ਦਿੱਤੀਆਂ ਗਈਆਂ।ਲੇਖਕ ਅਨੁਸਾਰ ਜਿਹਨਾਂ ਸੰਗੀਤ ਪ੍ਰੇਮੀਆਂ ਨੂੰ ਰਾਗਦਾਰੀ ਦਾ ਬੁਨਿਆਦੀ ਗਿਆਨ ਹੋਵੇ।ਉਹਨਾਂ ਲਈ ਇਹ ਪੁਸਤਕ ਵਧੇਰੇ ਲਾਭਦਾਇਕ ਹੋਵੇਗੀ। ਇਸ ਵਿੱਚ ਰਾਗਾਂ ਦੇ ਵੇਰਵੇ ਦਿੰਦਿਆਂ ਅਰੋਹ ਅਵਰੋਹ ਨਹੀਂ ਦਿੱਤਾ ਗਿਆ ਕਿਉਂ ਕਿ ਰਾਗਾਂ ਦਾ ਰੂਪ ਉਹਨਾਂ ਦੀ ਚਾਲ ਦਰਸਾ ਕੇ ਹੀ ਸਾਹਮਣੇ ਆਉਂਦਾ ਹੈ।ਮੈਨੂੰ ਵੀ ਪੰਡਿਤ ਯਸ਼ਪਾਲ ਜੀ ਪਾਸੋਂ ਸੰਗੀਤ ਸਿੱਖਿਆ ਲੈਣ ਦਾ ਸੁਭਾਗ ਪ੍ਰਾਪਤ ਹੋਇਆ ਹੈ। ਜਦੋਂ ਉਹ ਮੈਨੂੰ ਸਿਖਲਾਈ ਦੇ ਰਹੇ ਸਨ ਤਾਂ ਉਹ ਇੱਕ ਰਾਗ ਨੂੰ ਸਿਖਾਉਣ ਵਿੱਚ ਕਾਫੀ ਮਿਹਨਤ ਕਰਵਾਉਂਦੇ ਸਨ। ਵੱਖ ਵੱਖ ਰਾਗਾਂ ਵਿੱਚ ਮੀਂਡ ਅਤੇ ਕਣ ਲਗਾ ਕੇ ਰਾਗਾਂ ਦੇ ਸਰੂਪ ਦੀ ਭਿੰਨਤਾ ਦ੍ਰਿੜ ਕਰਵਾਉਂਦੇ ਸਨ। ਰਾਗ ਲਲਿਤ ਅਤੇ ਜੋਗ ਸਿਖਾਉਂਦਿਆਂ ਉਹਨਾਂ ਇੱਕ ਉਦਾਹਰਨ ਦਿੱਤੀ। ਗੁਰਮੁਖੀ ਦੇ ਟ ਅੱਖਰ ਨੂੰ ਲਿਖਿਆ ਤੇ ਕਿਹਾ ਇਸ ਵਿੱਚ ਥੋਹੜੇ ਜਿਹੇ ਬਦਲਾਉ ਨਾਲ ਜਿਵੇਂ ਅੱਖਰ ਬਦਲ ਜਾਂਦਾ ਹੈ ਇਸੇ ਤਰ੍ਹਾਂ ਰਾਗ ਬਦਲ ਜਾਂਦੇ ਹਨ। ਵੇਖੋ ਟ ਦ ਢ ਫ ਵ ੲ ਬ।ਗੁਰਬਖਸ਼ ਸਿੰਘ ਜੀ ਨੇ ਇਸ ਪੁਸਤਕ ਵਿੱਚ ਆਪਣੇ ਉਸਤਾਦਾਂ ਪੰਡਿਤ ਕਾਂਸ਼ੀ ਰਾਮ ਅਤੇ ਪੰਡਿਤ ਯਸ਼ਪਾਲ ਜੀ ਦੀਆਂ ਬੰਦਸ਼ਾਂ ਸ਼ਾਮਲ ਕਰਕੇ ਉਹਨਾਂ ਪ੍ਰਤੀ ਸਤਿਕਾਰ ਪ੍ਰਗਟ ਕੀਤਾ ਹੈ। ਰਾਗਾਂ ਦੇ ਸਰੂਪ ਦਾ ਤੁਲਨਾਮਕ ਵੇਰਵਾ ਦੇਣ ਲਈ ਗੁਰਮਤਿ ਸੰਗੀਤ ਦੇ ਪ੍ਰਸਿਧ ਵਿਦਵਾਨਾਂ ਭਾਈ ਕਾਹਨ ਸਿੰਘ ਨਾਭਾ, ਪ੍ਰੋਫੈਸਰ ਕਰਤਾਰ ਸਿੰਘ, ਪ੍ਰਿੰਸੀਪਲ ਦਿਆਲ ਸਿੰਘ, ਗਿਆਨ ਸਿੰਘ ਐਬਟਾਬਾਦ ਆਦਿ ਦੇ ਹਵਾਲੇ ਦੇਣ ਦੇ ਨਾਲ ਨਾਲ ਭਾਤਖੰਡੇ ਜੀ, ਰਾਮ ਆਸ਼ਰਯ ਝਾ,ਵਿਨਾਇਕ ਰਾਓ ਪਟਵਰਧਨ, ਗੀਤਾ ਬੈਨਰਜੀ,ਮਾਣਿਕ ਬੂਆ ਠਾਕੁਰਦਾਸ, ਦੀਆਂ ਪੁਸਤਕਾਂ ਅਤੇ ਰਾਗਾਜ਼ ਆਫ ਨਾਰਥ ਇੰਡੀਆ ਅਤੇ ਨਵਾਇ ਮੌਸੀਕੀ ਆਦਿ ਦੇ ਹਵਾਲੇ ਦਿੱਤੇ ਹਨ। ਸੰਗੀਤ ਪ੍ਰੇਮੀਆਂ ਲਈ ਇਹ ਪੁਸਤਕ ਨਿਸਚੇ ਬਹੁਤ ਲਾਭਾਇਕ ਹੈ।ਪੁਸਤਕ ਦੀ ਕੀਮਤ 325 ਰੁਪਏ ਹੈ ਅਤੇ ਪ੍ਰਕਾਸ਼ਕ ਹਨ- ਸੁਰਿੰਦਰ ਪਹੂਜਾ, ਮਹਿੰਦਰਾ ਕੈਪੀਟਲ ਪਬਲਿਸ਼ਰਜ਼, 25/7, ਇੰਡਸਟਰੀਅਲ ਏਰੀਆ, ਫੇਜ਼-2, ਚੰਡੀਗੜ੍ਹ, ਫੋਨ- 0172- 5077345 - 5073345

ਭੁਲ ਚੁਕ ਖਿਮਾ-------

# ਗੁਰਮਤਿ ਸੰਗੀਤ ਵਿੱਚ ਟਕਸਾਲ

ਗੁਰਨਾਮ ਸਿੰਘ (ਡਾ.)

ਦੁਨਿਆਵੀ ਕਾਰ-ਵਿਹਾਰ ਚਲਾਉਣ ਦੀ ਸ਼ਕਤੀ ਜਾਂ ਮਾਧਿਅਮ ਟਕਸਾਲੀ ਮੁਦਰਾ ਹੀ ਹੈ। ਟੰਕਸ਼ਾਲਾ ਉਹ ਸਥਾਨ ਹੈ ਜਿਥੇ ਟਕੇ, ਸਿੱਕੇ ਆਦਿ ਘੜੇ ਘੜਾਏ ਜਾਂਦੇ ਹਨ। ਵੱਖ-ਵੱਖ ਕੋਸ਼ਾਂ ਵਿੱਚ ਵੀ ਟਕਸਾਲ ਦੇ ਏਹੋ ਅਰਥ ਹਨ। ਬਾਣੀ ਦੇ ਪ੍ਰਸੰਗ ਵਿੱਚ ਵੇਖੀਏ ਤਾਂ ਗੁਰਬਾਣੀ ਵਿੱਚ 'ਟਕਸਾਲ' ਸ਼ਬਦ ਦਾ ਪ੍ਰਯੋਗ ਭਾਵੇਂ ਬਹੁਤ ਘੱਟ ਪਰੰਤੂ ਮਹੱਤਵਪੂਰਨ ਅਰਥਾਂ ਵਿੱਚ ਕੀਤਾ ਗਿਆ ਹੈ। ਜਿਥੇ ਵੀ 'ਟਕਸਾਲ' ਦਾ ਪ੍ਰਯੋਗ ਹੋਇਆ ਉਸ ਨਾਲ 'ਸ਼ਬਦ' ਅਤੇ 'ਸੱਚ' ਦਾ ਪ੍ਰਯੋਗ ਵੀ ਹੋਇਆ ਹੈ। 'ਸਚੀ ਟਕਸਾਲ' ਵਿੱਚ ਇਲਾਹੀ ਸਤਿ ਦੇ ਗੁਰ ਸ਼ਬਦ ਦੀ ਘਾੜਤ ਦਾ ਮਾਰਗ ਗੁਰੂ ਨਾਨਕ ਪਾਤਸ਼ਾਹ ਨੇ ਜਪੁਜੀ ਦੀ ਅੰਤਿਮ ਅੱਠੀਤੀਵੀਂ ਪਉੜੀ ਵਿੱਚ ਭਲੀਭਾਂਤ ਦਰਸਾ ਹੀ ਦਿੱਤਾ ਹੈ:

ਜਤੁ ਪਾਹਾਰਾ ਧੀਰਜੁ ਸੁਨਿਆਰੁ ॥ ਅਹਰਣਿ ਮਤਿ ਵੇਦੁ ਹਥੀਆਰੁ ॥<br>
ਭਉ ਖਲਾ ਅਗਨਿ ਤਪ ਤਾਉ ॥ ਭਾਂਡਾ ਭਾਉ ਅੰਮ੍ਰਿਤੁ ਤਿਤੁ ਢਾਲਿ ॥<br>
ਘੜੀਐ ਸਬਦੁ ਸਚੀ ਟਕਸਾਲ ॥ (ਗੁ. ਗ੍ਰੰ. ਪੰਨਾ 8)

ਸ਼ਬਦ ਦੀ ਘਾੜਤ ਦਾ ਵਰਣਨ ਕਰਦਿਆਂ ਗੁਰੂ ਰਾਮਦਾਸ ਉਹਨਾਂ ਗੁਰਮੁਖਾਂ ਦੀ ਸੇਵਾ ਤੇ ਘਾਲ ਨੂੰ ਵਡਿਆਉਂਦੇ ਹਨ ਜਿਨ੍ਹਾਂ 'ਗੁਰਮਤਿ' ਦੀ ਇਸ 'ਸਚੀ ਟਕਸਾਲ' ਵਿੱਚ 'ਸ਼ਬਦ ਦੀ ਘਾੜਤ' ਘੜੀ।

ਗੁਰਮੁਖਿ ਸੇਵਾ ਘਾਲਿ ਜਿਨਿ ਘਾਲੀ ॥<br>
ਤਿਸੁ ਘੜੀਐ ਸਬਦੁ ਸਚੀ ਟਕਸਾਲੀ ॥ (ਗੁ. ਗ੍ਰੰ. ਪੰਨਾ 1134)

ਗੁਰਬਾਣੀ ਦੇ ਵਿਆਖਿਆਕਾਰ ਭਾਈ ਗੁਰਦਾਸ ਇਹਨਾਂ ਬਚਨਾਂ ਨੂੰ ਹੀ ਆਪਣੇ ਸ਼ਬਦਾਂ ਵਿੱਚ ਹੋਰ ਸਪਸ਼ਟ ਕਰ ਰਹੇ ਹਨ ਆਪ ਨੇ ਗੁਰੂ ਦੇ ਸਚੇ ਸ਼ਬਦ ਦੀ ਸਚੀ ਟਕਸਾਲ ਦੇ ਮਾਰਗ 'ਤੇ ਚਲਣ ਦੀ ਭਰਪੂਰ ਪੈਰਵੀ ਕੀਤੀ ਅਤੇ ਇਸ ਟਕਸਾਲ ਤੋਂ ਬਾਹਰ ਘੜੀ ਜੀਵਨ ਘਾੜਤ ਕਾਰਨ 'ਖੋਟੇਹਾਰਾ' ਹੋ ਜਨਮ ਗੁਆਉਣ ਦੀ ਚੇਤਾਵਨੀ ਵੀ ਦਿੱਤੀ।

ਜੇ ਕੋ ਆਪੁ ਗਣਾਇ ਕੈ ਪਾਤਿਸਾਹਾਂ ਤੇ ਆਕੀ ਹੋਵੈ।<br>
ਹੁਇ ਕਤਲਾਮੁ ਹਰਾਮਖੋਰੁ ਕਾਠੁ ਨ ਖਫਣੁ ਚਿਤਾ ਨ ਟੋਵੈ।<br>
ਟਕਸਾਲਹੁ ਬਾਹਰਿ ਘੜੈ ਖੋਟੈਹਾਰਾ ਜਨਮੁ ਵਿਗੋਵੈ।<br>
(ਵਾਰ 26, ਪਉੜੀ 32)

ਜਿਵੇਂ ਗੁਰਮਤਿ ਵਿੱਚ ਟਕਸਾਲ ਦਾ ਵਿਸ਼ੇਸ਼ ਮਹੱਤਵ ਹੈ ਉਸੇ ਤਰ੍ਹਾਂ ਗੁਰਮਤਿ ਸੰਗੀਤ ਵਿੱਚ ਟਕਸਾਲ ਦੀ ਸਾਰਥਕਤਾ ਅਤੇ ਸੰਦਰਭ ਵਿਸ਼ੇਸ਼ ਹੈ। ਗੁਰਮਤਿ ਅਨੁਸਾਰ ਜੀਵਨ ਦੀ ਘਾੜਤ ਲਈ ਟਕਸਾਲ ਅਤੇ ਟਕਸਾਲੀ ਪ੍ਰਕ੍ਰਿਆ 'ਚੋਂ ਲੰਘਣਾ ਬੁਨਿਆਦੀ ਤੌਰ 'ਤੇ ਜ਼ਰੂਰੀ ਹੈ। ਇਸੇ ਲਈ ਬਾਣੀ ਵਿੱਚ ਥਾਂ-ਪੁਰ-ਥਾਂ

'ਮਨਮੁਖ' ਤੋਂ 'ਗੁਰਮੁਖ', 'ਕੂੜਿਆਰ' ਤੋਂ 'ਸਚਿਆਰ' ਅਤੇ 'ਖੋਟੇ' ਤੋਂ 'ਖਰੇ' ਹੋਣ ਉੱਤੇ ਵਿਸ਼ੇਸ਼ ਬਲ ਦਿੱਤਾ ਗਿਆ ਹੈ।

ਗੁਰਮਤਿ ਦੀ ਇਹ ਖੂਬਸੂਰਤੀ ਹੈ ਕਿ ਗੁਰੂ-ਸਹਿਬਾਨ ਨੇ ਸਿਧਾਂਤ ਨੂੰ ਵਿਹਾਰਿਕ ਰੂਪ ਦਿੰਦਿਆਂ ਸੰਸਥਾਗਤ ਰੂਪ ਵਿੱਚ ਸਥਾਪਿਤ ਕੀਤਾ। ਦੂਸਰੀ ਉਦਾਸੀ ਸਮੇਂ ਕਰਤਾਰਪੁਰ ਬੰਨਣ ਤੇ ਸਿੱਖਾਂ ਦੇ ਕੇਂਦਰ ਵਜੋਂ ਇਸਦੀ ਸਥਾਪਨਾ ਸਬੰਧੀ ਭਾਈ ਵੀਰ ਸਿੰਘ ਲਿਖਦੇ ਹਨ "ਇਕ ਵੰਨਗੀ ਦੀ ਟਕਸਾਲ 'ਕਰਤਾਰਪੁਰ' ਬੰਨਕੇ ਸਤਿਗੁਰੂ ਜੀ ਫੇਰ ਉਦਾਸੀਆਂ ਦੀ ਤਿਆਰੀ ਕਰਨ ਲਗੇ। ਭਾਈ ਮਰਦਾਨਾ ਕੀਰਤਨ ਲਈ ਪਿਛੇ ਛੋੜਿਆ।" ਗੁਰਮਤਿ ਦੇ ਪਰਚਾਰ ਪਰਸਾਰ ਲਈ ਵੱਖ-ਵੱਖ ਗੁਰੂ ਸਹਿਬਾਨ ਨੇ ਵਿਸ਼ੇਸ਼ ਗੁਰਮਤਿ ਕੇਂਦਰਾਂ ਵਜੋਂ ਕਰਤਾਰਪੁਰ ਤੋਂ ਇਲਾਵਾ ਵੱਖ-ਵੱਖ ਗੁਰ-ਅਸਥਾਨ, ਮੰਜੀਆਂ, ਮਸੰਦਾਂ ਅਤੇ ਗੁਰਮਤਿ ਸਿਖਲਾਈ ਲਈ ਹੋਰ ਅਨੇਕ ਯਤਨ ਕੀਤੇ ਜਿੰਨ੍ਹਾਂ ਦਾ ਮਨੋਰਥ ਗੁਰਮਤਿ ਅਨੁਸਾਰ ਮਾਨਵੀ ਘਾੜਤ ਸੀ। ਇਸ ਮਹੱਤਵਪੂਰਨ ਵਿਸ਼ੇ ਦੇ ਵਿਸਥਾਰ ਤੋਂ ਗੁਰੇਜ਼ ਕਰਦਿਆਂ ਜੇ ਗੁਰਮਤਿ ਸੰਗੀਤ ਦੇ ਪ੍ਰਸੰਗ ਵਿੱਚ ਵਾਚੀਏ ਤਾਂ ਗੁਰਮਤਿ ਸੰਗੀਤ ਦੀ ਟਕਸਾਲੀ ਪਰੰਪਰਾ ਦਾ ਆਰੰਭ ਗੁਰੂ ਨਾਨਕ ਪਾਤਸ਼ਾਹ ਅਤੇ ਉਹਨਾਂ ਦੇ ਪਰਮ ਸੰਗੀ ਰਬਾਬੀ ਭਾਈ ਮਰਦਾਨਾ ਦੇ ਇਲਾਹੀ ਸ਼ਬਦ ਕੀਰਤਨ ਦੁਆਰਾ ਹੀ ਹੋ ਗਿਆ ਸੀ। ਬਾਣੀ ਦੀ ਇਲਾਹੀ ਆਮਦ, ਗੁਰੂ ਨਾਨਕ ਪਾਤਸ਼ਾਹ ਦਾ ਮਰਦਾਨੇ ਨੂੰ ਰਬਾਬ ਵਜਾਉਣ ਦਾ ਹੁਕਮ ਇਲਾਹੀ ਸ਼ਬਦ ਕੀਰਤਨ ਇਸ ਗੁਰਮੁਖੀ ਵਿਦਿਆ ਦਾ ਪ੍ਰਾਰੰਭ ਹੈ। ਜਿਸ ਵਿੱਚ ਭਾਈ ਮਰਦਾਨਾਂ ਜੋ ਰਾਗ ਵਿਦਿਆਂ ਦਾ ਪ੍ਰਬੀਨ ਗਿਆਤਾ ਅਤੇ ਰਬਾਬ ਵਾਦਕ ਸੀ, ਨੇ ਸਚੇ ਸ਼ਬਦ ਨੂੰ ਗਾਇਨ ਕਰਨ ਦੀ ਗੁਰਮਤਿ ਕਲਾ ਗੁਰੂ ਨਾਨਕ ਪਾਤਸ਼ਾਹ ਤੋਂ ਸਿਖੀ। ਗੁਰੂ ਨਾਨਕ ਪਾਤਸ਼ਾਹ ਦੀ ਇਸੇ ਘਾੜਤ ਕਾਰਨ ਭਾਈ ਮਰਦਾਨੇ ਨੇ ਖ਼ੁਦ ਵੀ ਕੀਰਤਨ ਕੀਤਾ ਅਤੇ ਰਬਾਬੀਆਂ ਦੀ ਇਕ ਵਿਸ਼ਾਲ ਘਰਾਣੇਦਾਰ ਪਰੰਪਰਾ ਵਿਕਸਿਤ ਕੀਤੀ। ਜਿਸ ਵਿੱਚ ਵੱਖ-ਵੱਖ ਗੁਰੂ ਸਾਹਿਬਾਨ ਦੇ ਕਾਲ ਵਿੱਚ ਭਾਈ ਦਾਲਾ, ਭਾਈ ਸਹਿਜ਼ਾਦ, ਭਾਈ ਬਲਵੰਡ, ਭਾਈ ਸੱਤਾ, ਭਾਈ ਬਾਬਕ ਅਤੇ ਹੋਰ ਰਬਾਬੀਆਂ ਨੇ ਗੁਰੂ ਨਾਨਕ ਵਰੋਸਾਈ ਕੀਰਤਨ ਦੀ ਦਾਤ ਨੂੰ ਵੰਡਿਆ।

ਸਿੱਖ ਇਤਿਹਾਸ 'ਤੇ ਝਾਤ ਮਾਰੀਏ ਤਾਂ ਗੁਰੂ ਨਾਨਕ ਪਾਤਸ਼ਾਹ ਤੇ ਸਮੂਹ ਗੁਰੂ ਸਹਿਬਾਨ ਦੀ ਬਾਣੀ ਦਾ ਪੰਜਵੇਂ ਗੁਰੂ ਅਰਜਨ ਦੇਵ ਜੀ ਨੇ ਇਕਤ੍ਰੀਕਰਨ ਕੀਤਾ। ਫਿਰ ਇਸ ਬਾਣੀ ਨੂੰ ਹੋਰ ਮਹਾਂਪੁਰਖਾਂ ਦੀ ਬਾਣੀ ਸੰਗ ਇੱਕ ਪ੍ਰਮਾਣਿਕ ਗ੍ਰੰਥ ਦੇ ਰੂਪ ਵਿੱਚ ਸੰਕਲਨ ਕਰ ਦਿੱਤਾ। ਗੁਰੂ ਅਰਜਨ ਕਾਲ ਵਿੱਚ ਭਾਈ ਸੱਤੇ ਬਲਵੰਡ ਦਾ ਗੁਰੂ ਘਰ ਨਾਲ ਰੁੱਸਕੇ ਕੀਰਤਨ ਤੋਂ ਇਨਕਾਰੀ ਹੋਣ ਕਰਕੇ ਗੁਰੂ ਅਰਜਨ ਪਾਤਸ਼ਾਹ ਨੇ ਸਾਧਾਰਨ ਸਿੱਖਾਂ ਨੂੰ ਕੀਰਤਨ ਦੀ ਸਿਖਲਾਈ ਲਈ ਉਤਸ਼ਾਹਿਤ ਕੀਤਾ।

ਸ੍ਰੀ ਗੁਰ ਉਠੇ ਤਹਾਂ ਤਬ ਆਏ। ਥੜ੍ਹੇ ਬੈਠਿ ਜਿਹ ਕਰ ਕਢਾਏ।
ਥੜ੍ਹੇ ਬੈਠਿ ਦੀਵਾਨ ਲਗਾਯੋ। ਨਿਜ ਸਿਖਨ ਕੋ ਬਚਨ ਸੁਨਾਯੋ॥
ਵਹਿ ਨਹੀ ਆਵੈਂ ਮਦ ਕੇ ਮਾਤੇ। ਤੁਮ ਹੀ ਪੜ੍ਹੋ ਰਾਗ ਬਿਖਯਾਤੇ
ਵਦਿਆ ਰਾਗ ਸਭੀ ਤੁਮ ਪਾਵੋ। ਤਿਨ ਕਾ ਤੁਮ ਸਭੁ ਨਾਮੁ ਗਵਾਵੋ॥482॥
(ਗੁ.ਬਿ.ਪਾ.6 ਅਧਿਆਇ4)

ਗੁਰੂ ਦੇ ਸਚੇ ਸ਼ਬਦ ਦੀ ਸਚੀ ਟਕਸਾਲ ਦੀ ਇਸ ਪ੍ਰਮਾਣਿਕ ਬਾਣੀ ਦੇ ਸੰਚਾਰ ਦੀ ਪ੍ਰਮਾਣਿਕ ਵਿਧੀ ਵੀ ਗੁਰੂ ਸਹਿਬਾਨ ਨੇ ਗੁਰਮਤਿ ਅਨੁਸਾਰੀ ਪ੍ਰਦਾਨ ਕੀਤੀ। ਗੁਰਮੁਖੀ ਅਖਰਾਂ ਦਾ ਸਹੀ ਗਿਆਨ, ਬਾਣੀ ਬੋਧ ਲਈ ਸੰਥਿਆ, ਵਿਆਖਿਆ ਅਤੇ ਬਾਣੀ ਦੇ ਗਾਇਨ ਹਿਤ ਗੁਰਮਤਿ ਦੀ ਸੰਗੀਤ ਵਿਦਿਆ ਦਾ ਆਰੰਭ ਗੁਰੂ ਸਾਹਿਬਾਨ ਦੁਆਰਾ ਹੀ ਹੋਇਆ। ਗੁਰੂ ਕੀ ਕਾਸ਼ੀ ਤੋਂ ਹੀ ਗੁਰਮਤਿ ਦੀਆਂ ਟਕਸਾਲਾਂ ਦਾ ਪ੍ਰਾਰੰਭ ਹੋਇਆ ਹੈ। ਜਿਸ ਵਿੱਚ ਪ੍ਰਥਮ ਟਕਸਾਲ ਦਮਦਮੀ ਟਕਸਾਲ ਦੇ ਨਾਮ ਨਾਲ ਪ੍ਰਸਿੱਧ ਹੋਈ।

ਰਬਾਬੀਆਂ ਦੀ ਘਰਾਣੇਦਾਰ ਪਰੰਪਰਾ ਦੇ ਨਾਲ-ਨਾਲ ਗੁਰੂ ਵਰੋਸਾਏ ਇਹਨਾਂ ਕੀਰਤਨੀਆਂ ਨੂੰ ਗੁਰੂ ਅਰਜਨ ਪਾਤਸ਼ਾਹ ਨੇ ਆਪ ਗੁਰਸ਼ਬਦ, ਰਾਗ ਅਤੇ ਵੱਖ-ਵੱਖ ਸਾਜਾਂ ਦੀ ਸਿਖਲਾਈ ਪ੍ਰਦਾਨ ਕਰਵਾਈ। ਉਪਰੰਤ ਦਸਵੇਂ ਪਾਤਸ਼ਾਹ ਨੇ ਤਲਵੰਡੀ ਸਾਬੋ ਦੀ ਧਰਤ ਉੱਤੇ ਗੁਰੂ ਦੀ ਕਾਸ਼ੀ ਦੀ ਸਥਾਪਨਾ ਗੁਰਸਿਖਾਂ ਵਿੱਚ ਗੁਰਮਤਿ ਦੀ ਵਿਦਿਆ ਦੇ ਪਰਚਾਰ ਪਰਸਾਰ ਲਈ ਕੀਤੀ। ਗੁਰੂ ਸਾਹਿਬਾਨ ਦੇ ਕਾਲ ਤੋਂ ਹੀ ਗੁਰਮਤਿ ਸੰਗੀਤ ਦੇ ਪਰਚਾਰ ਪਸਾਰ ਦੇ ਅੰਤਰਗਤ ਸਿਖਲਾਈ ਦੀਆਂ ਕੁਝ ਵਿਧੀਆਂ ਪਰਤੱਖ ਰੂਪ ਵਿੱਚ ਸਾਹਮਣੇ ਆਉਂਦੀਆਂ ਹਨ। ਇਕ ਪਰੰਪਰਾ ਅਨੁਸਾਰ ਰਬਾਬੀ ਕੀਰਤਨੀਏ ਸੀਨ-ਬ-ਸੀਨਾ ਕਸਬੀ ਨਿਪੁੰਨਤਾ ਸਹਿਤ ਸਿਖਲਾਈ ਨੂੰ ਅਗਾਂਹ ਤੋਰਦੇ ਰਹੇ ਜਿਸ ਅਧੀਨ ਵੱਖ ਵੱਖ ਰਬਾਬੀ ਅਤੇ ਓਹਨਾਂ ਦੇ ਵੰਸ਼ਜ ਸੰਗੀਤ ਕਲਾ ਕੌਸ਼ਲ ਦੁਆਰਾ ਗੁਰਮਤਿ ਸੰਗੀਤ ਦੀ ਪਰਸਤੁਤੀ ਕਰਦੇ ਰਹੇ। ਇਹ ਪਰੰਪਰਾ ਮੁਗਲ ਦਰਬਾਬ ਦੇ ਸਮਕਾਲੀਨ ਗਾਇਕਾਂ ਨਾਲੋਂ ਕਿਸੇ ਤਰ੍ਹਾਂ ਵੀ ਘਟ ਨਹੀਂ ਸੀ। ਸੰਗੀਤ ਜਗਤ ਵਿੱਚ ਗੁਰੂ ਘਰ ਦੇ ਇਹਨਾਂ ਰਬਾਬੀ ਸੰਗੀਤਕਾਰਾਂ ਦੀ ਪਛਾਣ 'ਬਾਬੇ ਕੇ' ਦੇ ਨਾਮ ਨਾਲ ਹੁੰਦੀ ਰਹੀ। ਦੂਸਰੇ ਪਾਸੇ ਮੁਗਲ ਦਰਬਾਰ ਦੇ ਸੰਗੀਤਕਾਰਾਂ ਨੂੰ 'ਬਾਬਰ ਕੇ' ਆਖਿਆ ਜਾਂਦਾ ਰਿਹਾ। ਗੁਰੂ ਨਾਨਕ ਦੇ ਸੰਗੀਤ ਦੁਆਰਾ ਵਰੋਸਾਏ 'ਬਾਬੇ ਕੇ' ਸੰਗੀਤਕਾਰ ਸਮਕਾਲੀ ਸਮਾਜ ਵਿਚ ਸਮਾਨਯੋਗ ਸਥਾਨ ਰਖਦੇ ਸਨ ਕਿਉਂ ਕਿ ਓਹ ਇਕ ਵਡੇਰੀ ਅਧਿਆਤਮਕ ਸੰਗੀਤ ਪਰੰਪਰਾ ਦੇ ਨਾਲ ਜੁੜੇ ਹੋਏ ਸਨ। ਰਬਾਬੀ ਕੀਰਤਨਕਾਰਾਂ ਦੀ ਇਹ ਪਰੰਪਰਾ ਗੁਰੂ ਸਾਹਿਬਾਨ ਤੋਂ ਬਾਅਦ ਹੁਣ ਤਕ ਪਰਚੱਲਤ ਹੈ। ਇਸ ਪਰੰਪਰਾ ਦੇ ਬਹੁਤੇ ਰਬਾਬੀ ਗਾਇਕ ਪਾਕਿਸਤਾਨ ਜਾ ਵਸੇ ਹਨ। ਭਾਈ ਲਾਲ ਅਤੇ ਭਾਈ ਚਾਂਦ ਦੇ ਵੰਸਸ਼ ਅੱਜ ਵੀ ਕੀਰਤਨ ਕਰ ਰਹੇ ਹਨ। ਇਹਨਾਂ ਸੰਗੀਤਕਾਰਾਂ ਕੋਲ ਗੁਰਮਤਿ ਸੰਗੀਤ ਦਾ ਇਕ ਵਿਸ਼ਾਲ ਖਜ਼ਾਨਾ ਮੌਜੂਦ ਹੈ। ਭਾਵੇਂ ਕਿ ਏਹ ਰਬਾਬੀ ਗਾਇਕ ਹੁਣ ਰਬਾਬ ਅਤੇ ਹੋਰ ਤੰਤੀ ਸਾਜ਼ਾਂ ਦਾ ਤਿਆਗ ਕਰ ਚੁੱਕੇ ਹਨ ਪਰ ਭਾਈ ਮਰਦਾਨੇ ਦੇ ਵੰਸ਼ਜ ਹੋਣ ਕਰਕੇ ਇਹਨਾਂ ਦੇ ਕੀਰਤਨ ਦਾ ਨਿਵੇਕਲਾ ਅੰਦਾਜ਼ ਗੁਰਮਤਿ ਸੰਗੀਤ ਦੀ ਅਨਮੋਲ ਵਿਰਾਸਤ ਹੈ।

ਸ੍ਰੀ ਗੁਰੂ ਅਰਜਨ ਦੇਵ ਜੀ ਦੇ ਵੇਲੇ ਤੋਂ ਸਧਾਰਨ ਸਿੱਖ ਸੰਗਤਾਂ ਦੁਆਰਾ ਨਿਸ਼ਕਾਮ ਕੀਰਤਨ ਦੀ ਚਲਾਈ ਪਰੰਪਰਾ ਵਿਚੋਂ ਅਨੇਕ ਕੀਰਤਨੀਏ ਪਰਸਿੱਧ ਹੋਏ। ਜਿਨ੍ਹਾਂ ਰਬਾਬੀ ਕੀਰਤਨੀਆਂ ਦੀ ਵਡੇਰੀ ਪਰੰਪਰਾ ਦੀ ਤੁਲਨਾ ਵਿਚ ਪਛਾਣਯੋਗ ਸਥਾਨ ਬਣਾਉਣ ਲਈ ਜਿਥੇ ਗੁਰੂ ਸਾਹਿਬ ਦੇ ਸਮੇਂ ਤੋਂ ਲੈ ਕੇ ਇਹ ਕੀਰਤਨੀਏ ਨਿਤਾਪ੍ਰਤੀ ਦੇ ਕੀਰਤਨ ਅਭਿਆਸ ਅਤੇ ਵਿਸ਼ਿਸ਼ਟ ਵਿਅਕਤੀ ਤੋਂ ਸਿਖਲਾਈ ਲੈ ਕੇ

ਆਪਣੀ ਵਿਦਿਆ ਦਾ ਗਿਆਨ ਸੰਚਰਤ ਕਰਦੇ ਰਹੇ ਉੱਥੇ ਇਹ ਕੀਰਤਨੀਏ ਪੂਰਨ ਗੁਰਮਰਿਯਾਦਾ ਦੇ ਧਾਰਨੀ ਅਤੇ ਗੁਰਮਤਿ ਸੰਗੀਤ ਦੀ ਸਿਧਾਂਤਕਲਾ ਤੇ ਨਾਲ ਵਿਹਾਰਕ ਤੌਰ 'ਤੇ ਜੁੜੇ ਹੋਏ ਵੀ ਸਨ। ਇਹਨਾਂ ਵਿਚੋਂ ਪਰਸਿੱਧ ਕੀਰਤਨੀਏ ਭਾਈ ਦੀਪਾ, ਬੁਲਾ, ਨਾਰਾਇਣ ਦਾਸ, ਪਾਂਧਾ, ਉਗਰਸੈਨ, ਨਗੌਰੀ ਮਲ, ਭਾਈ ਰਾਮੂ, ਝਾਜੂ, ਮੁਕੰਦ, ਕੇਦਾਰਾ ਆਦਿ ਸਨ। ਗੁਰਮਤਿ ਸੰਗੀਤ ਦੀ ਸਿਖਲਾਈ ਦੀ ਇਸ ਪਰੰਪਰਾ ਵਿਚ ਜਿਥੇ ਰਬਾਬੀਆਂ ਦੀ ਘਰਾਣੇਦਾਰ ਪਰੰਪਰਾ ਹੈ ਉਥੇ ਨਿਸ਼ਕਾਮ ਕੀਰਤਨੀਆਂ ਦੀ ਟਕਸਾਲੀ ਪਰੰਪਰਾ ਵੀ ਮੌਜੂਦ ਹੈ। ਵਰਤਮਾਨ ਸਮੇਂ ਵਿੱਚ ਪਰਚੱਲਤ ਪੁਰਾਤਨ ਟਕਸਾਲਾਂ ਦੇ ਭਾਵੇਂ ਪੂਰਣ ਇਤਿਹਾਸਕ ਸਰੋਤ ਉਪਲਬਧ ਨਹੀਂ ਪਰੰਤੂ ਵੱਖ-ਵੱਖ ਸਥਾਨਾਂ ਉਤੇ ਇਹਨਾਂ ਦਾ ਪਰਚਲਨ ਇਸ ਤੱਥ ਦਾ ਸ਼ਾਖਸੀ ਹੈ ਕਿ ਇਸ ਟਕਸਾਲੀ ਕੀਰਤਨ ਪਰੰਪਰਾ ਦੇ ਬੀਜ ਗੁਰੂ ਦੇ ਕੁਲ ਗੁਰਮਤਿ ਸੰਗੀਤ ਪਰੰਪਰਾ ਵਿੱਚ ਹੀ ਵਿਦਮਾਨ ਹਨ।

ਭਾਰਤੀ ਸੰਗੀਤ ਵਿੱਚ ਸੰਗੀਤ ਸਿਖਲਾਈ ਦੀ ਘਰਾਣਾ ਪਰੰਪਰਾ ਵਿਕਸਿਤ ਹੋਈ ਜਿਸ ਦੁਆਰਾ ਸ਼ਾਸਤਰੀ ਗਾਇਨ ਵਾਦਨ ਦਾ ਪ੍ਰਚਾਰ, ਪ੍ਰਸਾਰ ਹੋਇਆ ਅਤੇ ਸੰਗੀਤ ਦੀ ਵਿਸ਼ਾਲ ਵਿਧੀ ਦਾ ਪੀੜ੍ਹੀ ਦਰ ਪੀੜ੍ਹੀ ਸੰਚਾਲਨ ਵੀ ਹੋਇਆ। ਭਾਰਤੀ ਸੰਗੀਤ ਵਿੱਚ ਨਿਰੰਤਰ ਰੂਪ ਵਿੱਚ ਤਿੰਨ ਪੀੜ੍ਹੀਆਂ ਤੋਂ ਮੌਲਿਕ ਤੇ ਸੁਤੰਤਰ ਰੂਪ ਵਿੱਚ ਪਛਾਨਣਯੋਗ ਸਰੂਪ ਵਿੱਚ ਪ੍ਰਚੱਲਤ ਵਿਦਿਆ ਦੇ ਸੰਗੀਤ ਕਲਾ ਦੇ ਖਾਨਦਾਨੀ ਜਾਂ ਸ਼ਿਸ਼ ਵੰਸ਼ ਸਮੂਹ ਨੂੰ ਕਿਸੇ ਘਰਾਣੇ ਦਾ ਨਾਮ ਦਿੱਤਾ ਜਾਂਦਾ ਹੈ। ਗੁਰਮਤਿ ਸੰਗੀਤ ਵਿੱਚ ਵੀ ਸ਼ਬਦ ਗੁਰੂ ਦੀ ਗੁਰਮਤਿ ਟਕਸਾਲ ਦੀ ਘਾੜਤ ਲਈ ਗੁਰਮਤਿ ਸੰਗੀਤਕਾਰ ਦੀ ਸ਼ਖਸ਼ੀਅਤ ਉਸਾਰੀ ਲਈ ਗੁਰਮਤਿ ਅਤੇ ਸੰਗੀਤ ਦੋਹਾਂ ਦੀ ਘੜਤ ਜ਼ਰੂਰੀ ਹੈ। ਇਤਿਹਾਸ ਦੇ ਪੰਨਿਆਂ 'ਤੇ ਉਹੀ ਗੁਰਮਤਿ ਸੰਗੀਤ ਟਕਸਾਲਾਂ ਜੀਉਂਦੀਆਂ ਰਹਿ ਸਕੀਆਂ ਹਨ ਜਿੰਨਾਂ ਨੇ ਇਸ ਨਿਰੰਤਰਤਾ, ਮੌਲਿਕਤਾ ਤੇ ਵੱਖਰਤਾ ਨੂੰ ਕਾਇਮ ਰੱਖਿਆ ਹੈ। ਗੁਰਮਤਿ ਸੰਗੀਤ ਦੀ ਟਕਸਾਲੀ ਸਿਖਲਾਈ ਲਈ ਦਮਦਮੀ ਟਕਸਾਲ, ਬੁੱਢਾ ਜੌਹੜ ਟਕਸਾਲ, ਦੌਧਰ ਟਕਸਾਲ, ਤਰਨਤਾਰਨ ਟਕਸਾਲ ਮਸਤੂਆਣਾ ਟਕਸਾਲ, ਹਰਗਨਾ ਟਕਸਾਲ, ਅਤੇ ਵਰਤਮਾਨ ਸਮੇਂ ਜੱਵਦੀ ਟਕਸਾਲ, ਗੁਰਮਤਿ ਸੰਗੀਤ ਟਕਸਾਲ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਬਿਨਾਂ ਸੈਂਟਰਲ ਯਤੀਮਖ਼ਾਨਾ, ਗੁਰਮਤਿ ਵਿਦਿਆਲਾ ਰਕਾਬਗੰਜ, ਗੁਰਮਤਿ ਸੰਗੀਤ ਅਕੈਡਮੀ ਅਨੰਦਪੁਰ ਸਾਹਿਬ ਅਤੇ ਹੋਰ ਅਨੇਕ ਸੰਸਥਾਵਾਂ ਯਤਨਸ਼ੀਲ ਹਨ। ਗੁਰਮਤਿ ਸੰਗੀਤ ਦੀਆਂ ਇਹਨਾਂ ਵੱਖ-ਵੱਖ ਟਕਸਾਲਾਂ ਦੀ ਮੌਲਿਕਤਾ, ਕਾਰਜ ਵਿਧੀ ਅਤੇ ਯੋਗਦਾਨ ਸਬੰਧੀ ਅਸੀਂ ਆਉਣ ਵਾਲੇ ਗੁਰਮਤਿ ਸੰਗੀਤ ਨਿਬੰਧਾਂ ਵਿੱਚ ਚਰਚਾ ਜਾਰੀ ਰੱਖਾਂਗੇ ਤਾਂ ਜੋ ਸਿੱਖ ਪੰਥ ਦੀ ਇਸ ਮਹਾਨ ਧਰੋਹਰ ਨੂੰ ਸਹੀ ਪਰਸੰਗ ਤੇ ਦਿਸ਼ਾ ਵਿੱਚ ਪਛਾਣ ਸਕੀਏ।

'ਪ੍ਰੋਫੈਸਰ ਅਤੇ ਮੁਖੀ, ਗੁਰਮਤਿ ਸੰਗੀਤ ਚੇਅਰ - ਗੁਰਮਤਿ ਸੰਗੀਤ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

# ਸਿੱਖ ਗ੍ਰਹਿਸਤ ਜੀਵਨ ਅਤੇ ਗੁਰਮਤਿ ਸੰਗੀਤ

ਡਾਕਟਰ ਜਾਗੀਰ ਸਿੰਘ

ਸਿੱਖ ਧਰਮ ਇੱਕ ਸਮਾਜਕ ਧਰਮ ਹੈ। ਇਸ ਵਿੱਚ ਗ੍ਰਹਿਸਤ ਜੀਵਨ ਦੀ ਬਹੁੱਤ ਮਹੱਤਤਾ ਹੈ। ਅਸਲ ਵਿੱਚ ਗੁਰਬਾਣੀ ਅਨੁਸਾਰ ਤਾਂ ਧਰਮ ਦਾ ਅਰਥ ਗ੍ਰਹਿਸਤ ਵਿੱਚ ਹੀ ਸਪਸ਼ਟ ਹੁੰਦਾ ਹੈ। ਕਬੀਰ ਜੀ ਦਾ ਕਥਨ ਧਰਮ ਅਤੇ ਗ੍ਰਹਿਸਤ ਦਾ ਅੰਤਰ ਸੰਬੰਧ ਨਿਸਚਿਤ ਕਰਦਾ ਹੋਇਆ ਗੁਰ ਸਿੱਖ ਦੀ ਜੀਵਨ ਸ਼ੈਲੀ ਦਾ ਦ੍ਰਿਸ਼ਟੀਕੋਣ ਪੇਸ਼ ਕਰਦਾ ਹੈ-

***ਕਬੀਰ ਜੋ ਗ੍ਰਹਿ ਤਉ ਕਰ ਧਰਮ ਕਰ***
***ਨਹੀ ਤ ਕਰ ਬੈਰਾਗ॥***
***ਬੈਰਾਗੀ ਬੰਧਨ ਕਰੇ ਤਾ ਕੋ ਬਡੋ ਅਭਾਗ।***

(ਸਲੋਕ ਭਗਤ ਕਬੀਰ ਜੀ, ਪੰਨਾ 1367)

ਭਾਈ ਗੁਰਦਾਸ ਜੀ ਨੇ ਵੀ ਇਸੇ ਪ੍ਰਸੰਗ ਵਿੱਚ ਸਪਸ਼ਟ ਕਹਿ ਦਿੱਤਾ ਹੈ ਕਿ ਜੀਵਨ ਜੀਉਣ ਦੀਆਂ ਜੁਗਤਾਂ ਵਿੱਚੋਂ ਗ੍ਰਹਿਸਤ ਜੀਵਨ ਪਰਧਾਨ ਹੈ।-

***ਗਯਾਨਨ ਮੇ ਗਯਾਨ ਅਰੁ ਧਯਾਨਨ ਮੇ ਧਯਾਨ ਗੁਰੁ,***
***ਸਕਲ ਧਰਮ ਮੇ ਗ੍ਰਹਿਸਤ ਪਰਧਾਨ ਹੈ॥***

ਸਿਖ ਧਰਮ ਅਨੁਸਾਰ ਗ੍ਰਹਿਸਤ ਤੇ ਸੰਗੀਤ ਜ਼ਿੰਦਗੀ ਦੀ ਸਾਰਥਿਕਤਾ ਦੇ ਦੋ ਮਹੱਤਵਪੂਰਨ ਪਹਿਲੂ ਹਨ। ਦੋਵੇਂ ਪਹਿਲੂਆਂ ਦਾ ਜੀਵਨ ਵਿੱਚ ਰਚਮਿਚ ਜਾਣਾ ਇੱਕ ਕਰਤਾਰੀ ਕਲਾ ਦਾ ਆਗਾਜ਼ ਹੈ। ਗੁਰੂ ਸਾਹਿਬਾਨ ਨੇ ਸਿੱਖ ਗ੍ਰਹਿਸਤ ਵਿੱਚ ਗੁਰਮਤਿ ਸੰਗੀਤ ਨੂੰ ਇੰਜ ਓਤ ਪੋਤ ਕਰ ਦਿੱਤਾ ਹੈ ਕਿ ਸਿੱਖ ਇਸ ਤੋਂ ਵੱਖ ਹੋ ਹੀ ਨਹੀਂ ਸਕਦਾ। ਗੁਰੂ ਨਾਨਕ ਦੇਵ ਜੀ ਦੇ ਪ੍ਰਭਾਵ ਕਾਰਨ ਹਰ ਘਰ ਵਿੱਚ ਕੀਰਤਨ ਹੁੰਦਾ ਹੈ। ਭਾਈ ਗੁਰਦਾਸ ਜੀ ਦਾ ਕਥਨ ਹੈ ਕਿ ਜਿਹਨਾਂ ਘਰਾਂ ਵਿੱਚ ਗ੍ਰਹਿਸਤ ਹੈ ਜੇ ਉਥੇ ਕੀਰਤਨ ਵੀ ਹੋਵੇ ਤਾਂ ਉਹ ਘਰ ਧਰਮਸਾਲਾ ਦਾ ਦਰਜਾ ਹਾਸਿਲ ਕਰ ਲੈਂਦੇ ਹਨ-

***ਘਰਿ ਘਰਿ ਅੰਦਰਿ ਧਰਮਸਾਲ***
***ਹੋਵੈ ਕੀਰਤਨੁ ਸਦਾ ਵਿਸੋਆ।***

(ਵਾਰ 1, ਪਉੜੀ 26/6)

ਗੁਰਮਤਿ ਵਿੱਚ ਗ੍ਰਹਿਸਤੀ ਦਾ ਗੁਰਦੁਆਰੇ ਜਾ ਕੇ ਸਤਸੰਗ ਕਰਨਾ ਜ਼ਰੂਰੀ ਦੱਸਿਆ ਹੈ। ਭਾਈ ਗੁਰਦਾਸ ਜੀ ਇਸੇ ਕਰਕੇ ਗੁਰਦਆਰੇ ਅਰਥਾਤ ਧਰਮਸਾਲ ਅਤੇ ਗੁਰਸਿੱਖ ਦੀ ਮਹਿਮਾ ਕਰਦੇ ਲਿਖਦੇ ਹਨ-

***ਧਰਮਸਾਲ ਹੈ ਮਾਨਸਰੁ, ਹੰਸ ਗੁਰਸਿਖ ਵਾਹੁ।***
***ਰਤਨ ਪਦਾਰਥ ਗੁਰ ਸਬਦੁ, ਕਰਿ ਕੀਰਤਨੁ ਖਾਹੁ।***

(ਵਾਰ 9, ਪਉੜੀ 14)

ਗ੍ਰਹਿਸਥੀ ਗੁਰਸਿੱਖ ਲਈ ਕੀਰਤਨ ਵੀ ਇੱਕ ਆਹਾਰ ਹੈ। ਜਿਵੇਂ ਭੋਜਨ ਪਦਾਰਥ ਸਰੀਰ ਲਈ ਖ਼ੁਰਾਕ ਹਨ ਇਸੇ ਤਰ੍ਹਾਂ ਕੀਰਤਨ ਵੀ ਰੂਹ ਲਈ ਅਮੁਲੀ ਖ਼ੁਰਾਕ ਹੈ। ਇਸੇ ਲਈ ਗੁਰੂ ਗ੍ਰੰਥ ਸਾਹਿਬ ਵਿੱਚ ਸਿੱਖ ਦੇ ਰੋਜ਼ਾਨਾ ਜੀਵਨ ਵਿੱਚ ਗੁਰਬਾਣੀ ਗਾਇਨ ਨੂੰ ਇੱਕ ਨਿਤਨੇਮ ਵਜੋਂ ਸ਼ਾਮਲ ਕੀਤਾ ਹੈ-

***ਗੁਰ ਸਤਿਗੁਰ ਕਾ ਜੋ ਸਿਖੁ ਅਖਾਏ***
***ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥***

------------

***ਫਿਰ ਚੜੈ ਦਿਵਸੁ ਗੁਰਬਾਣੀ ਗਾਵੈ***
***ਬਹਦਿਆ ਉਠਦਿਆ ਹਰਿ ਨਾਮ ਧਿਆਵੈ॥***

(ਗੁਰੂ ਗ੍ਰੰਥ ਸਾਹਿਬ, ਪੰਨਾ 305)

ਰੋਜ਼ਾਨਾ ਦੀ ਜਿੰਦਗੀ ਵਿੱਚ ਲੋਕਾਈ ਲੋੜ ਅਨੁਸਾਰ ਆਮ ਧੰਦਿਆਂ ਵਿੱਚ ਗਲਤਾਨ ਹੋ ਜਾਂਦੀ ਹੈ ਪਰ ਗੁਰਬਾਣੀ ਗਾਇਨ ਤੇ ਪਰਮੇਸ਼ਰ ਧਿਆਉਣ ਦੀ ਲੋੜ ਤੇ ਵਿਧੀ ਗੁਰੂ ਦੇ ਉਪਦੇਸ਼ ਰਾਹੀਂ ਹੀ ਸਮਝ ਪੈਂਦੀ ਹੈ। ਆਪਣੇ ਆਪ ਨੂੰ ਗੁਰਸਿੱਖ ਅਖਵਾਉਣ ਲਈ ਗੁਰਬਾਣੀ ਦੀਆਂ ਉਕਤ ਪੰਗਤੀਆਂ ਅਨੁਸਾਰ ਜ਼ਿੰਦਗੀ ਦੀ ਕਾਰਜਵਿਧੀ ਦਾ ਨਿਯਮ ਨਿਰਧਾਰਤਿ ਕੀਤਾ ਗਿਆ ਹੈ। ਇਸ ਵਿੱਚ ਕਿਸੇ ਫੇਰ ਬਦਲ ਦੀ ਗੁੰਜਾਇਸ਼ ਨਹੀਂ ਹੈ। ਉਸ ਦੇ ਘਰ ਵਿੱਚ ਖ਼ੁਸ਼ੀ ਦਾ ਵਾਸ ਹੁੰਦਾ ਹੈ ਜਿਸ ਦੇ ਘਰ ਵਿੱਚ ਕੀਰਤਨ ਹੁੰਦਾ ਹੈ-

***ਗ੍ਰਿਹਿ ਤਾ ਕੇ ਬਸੰਤੁ ਗਨੀ॥***
***ਜਾ ਕੇ ਕੀਰਤਨੁ ਹਰਿ ਧੁਨੀ॥***

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1180)

ਜੀਵਨ ਦੀ ਇਹ ਵਿਧੀ ਅਗੇ ਚੱਲ ਕੇ ਪ੍ਰੇਮਾਭਗਤੀ ਦਾ ਦਰਜਾ ਹਾਸਲ ਕਰ ਲੈਂਦੀ ਹੈ, ਗੁਰੂ ਬਾਣੀ ਦੇ ਆਸ਼ੇ ਅਨੁਸਾਰ ਪ੍ਰੇਮਾਭਗਤੀ ਹੋਰਨਾਂ ਵਿਧੀਆਂ ਤੋਂ ਉਤਮ ਹੈ।

ਭਗਤਾਂ ਤੇ ਗੁਰੂਆਂ ਨੇ ਇਸੇ ਤਰਕ ਨੂੰ ਚੁਣਿਆ, ਮਾਣਿਆ ਸਫਲਤਾ ਪ੍ਰਾਪਤ ਕੀਤੀ। ਜਿਹੜੇ ਲੋਕ ਘਰ ਬਾਰ ਤਿਆਗ ਕੇ ਆਪਣੇ ਆਪ ਨੂੰ ਜੋਗੀ ਸਦਾਂਦੇ ਹਨ ਪਰ ਜਦੋਂ ਬਾਹਰ ਖਾਣ ਲਈ ਕੁਝ ਨਹੀਂ ਮਿਲਦਾ ਜੋਗੀ ਫੇਰ ਉਹਨਾਂ ਘਰਾਂ ਵਿੱਚ ਮੰਗਣ ਜਾਂਦੇ ਹਨ ਜਿਹਨਾਂ ਨੂੰ ਉਹ ਆਪਣੀ ਮੰਜ਼ਲ ਪ੍ਰਾਪਤੀ ਦੇ ਰਾਹ ਦੀ ਰੁਕਾਵਟ ਸਮਝ ਛੱਡ ਗਏ ਸਨ। ਜੋਗ ਦੀ ਜੁਗਤੀ ਬਾਰੇ ਗੁਰਬਾਣੀ ਦਾ ਫੁਰਮਾਨ ਹੈ ਕਿ ਮਾਇਆ ਵਿੱਚ ਰਹਿੰਦੇ ਹੋਏ ਇਸ ਦੀ ਕਾਲਖ ਤੋਂ ਨਿਰਲੇਪ ਰਹਿਣਾ ਹੀ ਜੋਗ ਹੈ-

***ਅੰਜਨ ਮਾਹਿ ਨਿਰੰਜਨ ਰਹੀਐ***
***ਜੋਗ ਜੁਗਤ ਇਵ ਪਾਈਐ॥***

(ਗੁਰੂ ਗ੍ਰੰਥ ਸਾਹਿਬ ਪੰਨਾ 730)

ਅਤੇ ਗੁਰੂ ਸਾਹਿਬ ਉਸ ਗ੍ਰਹਿਸਤੀ ਨੂੰ ਨਿਰਬਾਨ ਪਦ ਦਾ ਧਾਰਨੀ ਦਸਦੇ ਹਨ ਜਿਸ ਦੇ ਘਰ ਵਿੱਚ ਕੀਰਤਨ ਹੁੰਦਾ ਹੈ-

***ਅਨਦਿਨ ਕੀਰਤਨੁ ਕੇਵਲ ਬਖ੍ਯ੍ਯਾਨ॥***
***ਗ੍ਰਿਹਸਤ ਮਹਿ ਸੋਈ ਨਿਰਬਾਨ॥***

(ਗਉੜੀ ਸੁਖਮਨੀ, ਮਹਲਾ 5, ਪੰਨਾ)

ਗੁਰਮਤਿ ਸਾਹਿਤ ਵਿੱਚ ਗੁਰੂ ਸਾਹਬਿਾਨ ਵੱਲੋਂ ਗ੍ਰਹਿਸਤ ਜੀਵਨ ਵਿੱਚ ਕੀਰਤਨ ਦੀ ਮਹੱਤਤਾ ਦਰਸਾਉਣ ਲਈ ਅਨੇਕਾਂ ਹਵਾਲੇ ਪ੍ਰਾਪਤ ਹੁੰਦੇ ਹਨ।

ਗੁਰੂ ਨਾਨਕ ਦੇਵ ਜੀ ਜਦੋਂ ਸੁਲਤਾਨ ਪੁਰ ਮੋਦੀ ਖਾਨੇ ਵਿੱਚ ਨੌਕਰੀ ਕਰਦੇ ਸਨ ਤਾਂ ਉਹ ਸਵੇਰ ਸ਼ਾਮ ਕੀਰਤਨ ਜ਼ਰੂਰ ਕਰਦੇ ਸਨ। ਵਲਾਇਤ ਵਾਲੀ ਜਨਮ ਸਾਖੀ ਅਨੁਸਾਰ-***ਜੋ ਕਿਛੁ ਅਲੂਫਾ ਗੁਰੂ ਜੋਗ ਮਿਲੇ ਸੋ ਖਾਵੈ, ਹੋਰ ਪਰਮੇਸਰ ਦੇ ਅਰਥ ਦੇਵੇ ਅਤੇ ਨਿਤਾ ਪ੍ਰਤੀ ਰਾਤ ਕਉ ਕੀਰਤਨ ਹੋਵੈ।***

(ਜਨਮ ਸਾਖੀ ਪਰੰਪਰਾ,
ਵਲਾਇਤ ਵਾਲੀ ਜਨਮ ਸਾਖੀ, ਪੰਨਾ 8)

ਮਿਹਰਬਾਨ ਵਾਲੀ ਜਨਮ ਸਾਖੀ ਵਿੱਚ ਵੀ ਰਾਤ ਦਿਨ ਕੀਰਤਨ ਕਰਨ ਦਾ ਜ਼ਿਕਰ ਹੋਇਆ ਹੈ-

*ਆਪ ਬਾਬਾ ਨਾਨਕੁ ਜੀ ਰਾਤਿ ਕੈ ਸਮੇ ਕੀਰਤਨ ਕਰੈ-ਕਰਾਇ ਅਰੁ ਪਿਛਲੀ ਰਾਤਿ ਨਾਵਣਿ ਜਾਇ। ਨਾਇ ਕਰਿ ਕਰਿ ਆਇ ਉਪਰਿ ਸਿਮਰਨੁ ਕੀਰਤਨੁ ਕਰੈ।*

(ਜਨਮ ਸਾਖੀ ਪਰੰਪਰਾ,
ਮਿਹਰਬਾਨ ਵਾਲੀ ਜਨਮ ਸਾਖੀ ਪੰਨਾ 81)

ਕੀਰਤਨ ਗੁਰੂ ਨਾਨਕ ਦੇਵ ਜੀ ਦਾ ਨਿਤ ਨੇਮ ਅਤੇ ਜੀਵਨ ਦਾ ਅਟੁੱਟ ਅੰਗ ਸੀ ਉਹ ਕੀਰਤਨ ਤੋਂ ਬਿਨਾਂ ਰੋਟੀ ਵੀ ਨਹੀਂ ਖਾਂਦੇ। ਜਨਮ ਸਾਖੀ ਵਿੱਚ ਇੱਕ ਰਾਤ ਦਾ ਜ਼ਿਕਰ ਕਰਦਿਆਂ ਬੜਾ ਵਧੀਆ ਲਿਖਿਆ ਹੈ-

*ਤਬ ਰਸੋਈਏ ਕਹਿਆ ਜਿ, ਬਾਬਾ ਨਾਨਕੁ ਜੀ। ਰਸੋਈ ਬਡੀ ਬੇਰ ਕੀ ਹੋਈ ਪੜੀ ਹੈ, ਤੂ ਉਠਿ ਕਪੜੇ ਉਤਾਰਹੁ, ਪਰਸਾਦੁ ਲੇਹੁ। ਤਬ ਗੁਰੂ ਬਾਬੇ ਨਾਨਕ ਕਹਿਆ ਜੇ, ਸੁਆਮੀ ਜੀ! ਪਰਸਾਦੁ ਤਉ ਜੇਮੀਐਗਾ, ਪਣੁ ਕੀਰਤਨੁ ਨਾਹੀ ਕੀਤਾ। ਕਹੈ ਜੀ, ਸਵੇਰੇ ਆਈ ਦਾ ਤਾਂ ਜੇਵਿ ਕਰਿ, ਸਵੇਰੇ ਐਤੁ ਵਖਤਿ ਕੀਰਤਨ ਕਰਿ ਸਵੀਦਾ, ਹੁਣੁ ਜੇਵਿ ਕਰਿ ਸੰਵਿ ਰਹੀਐ। ਤਬਿ ਗੁਰੂ ਬਾਬੇ ਨਾਨਕ ਜੀ ਕਹਿਆ ਜਿ, ਗੈਰ ਸਾਲ ਗਲ ਆਖੀਆ, ਸੰਵੀਐ ਕਿਉ ਕਰਿ?*

(ਜਨਮ ਸਾਖੀ ਪਰੰਪਰਾ,
ਮਿਹਰਬਾਨ ਵਾਲੀ ਜਨਮ ਸਾਖੀ ਪੰਨਾ 83)

ਗੁਰੂ ਨਾਨਕ ਦੇਵ ਜੀ ਨੇ ਕੀਰਤਨ ਕਰਨ ਦੀ ਇਹ ਰੀਤ ਸਦਾ ਕਾਇਮ ਰੱਖੀ ਉਦਾਸੀਆਂ ਤੋਂ ਬਾਦ ਜਦੋਂ ਕਰਤਾਰ ਪੁਰ ਵਸਾਇਆ ਤਾਂ ਉਥੇ ਵੀ ਸਵੇਰ ਸ਼ਾਮ ਕੀਰਤਨ ਹੁੰਦਾ ਸੀ। ਗਿਆਨ ਰਤਨਾਵਲੀ ਵਿੱਚ ਲਿਖਿਆ ਹੈ-

*ਕਰਤਾਰ ਪੁਰ ਵਿੱਚ ਅੰਮ੍ਰਿਤ ਵੇਲੇ ਸਵਾ ਪਹਿਰ ਦਿਨ ਚੜ੍ਹਦਿਆਂ ਤੀਕਰ ਬਾਣੀ ਦੀ ਚਰਚਾ ਹੋਵੇ, ਉਪਰੰਤ ਕੀਰਤਨ ਹੋਵੇ, ਫੇਰ ਆਰਤੀ ਪੜ੍ਹੀਏ, ਤੀਸਰੇ ਪਹਿਰ ਕੀਰਤਨ ਕਰੀਏ, ਸੰਧਿਆ ਨੂੰ ਰਹਿਰਾਸ ਪੜ੍ਹੀਏ, ਫੇਰ ਕੀਰਤਨ ਗਾਵੀਏ ਅਤੇ ਪਹਿਰ ਰਾਤ ਗਈ ਸੋਹਿਲਾ ਪੜ੍ਹੀਏ ਅਰ ਫੇਰ ਪਿਛਲੀ ਰਾਤ ਜਪੁ ਪੜ੍ਹੀਏ ਅਰ ਆਸਾ ਦੀ ਵਾਰ ਪੜ੍ਹੀਏ।*

(ਗੁਰਮਤ ਮਾਰਤੰਡ, ਪੰਨਾ 641)

ਗੁਰੂ ਸਾਹਿਬਾਨ ਦਾ ਪੱਕਾ ਨਿਸਚਾ ਸੀ ਕਿ ਪਰਮੇਸ਼ਰ ਦਾ ਜਸ ਗਾਉਣ ਨਾਲ ਮਾਇਆ ਦੀ ਕਾਲਖ ਨਹੀਂ ਲਗਦੀ। ਦੁਨੀਆਂਦਾਰੀ ਦੇ ਕੰਮ ਧੰਦੇ ਕਰਦਿਆਂ ਕਿਸੇ ਵਿਕਾਰ ਦੇ ਪੈਦਾ ਹੋਣ ਨਾਲ ਆਪਣੀ ਸੂਝ ਤੇ ਕੋਈ ਮਾਰੂ ਅਸਰ ਪੈਂਦਾ ਦਿਸੇ ਤਾਂ ਜਪੁਜੀ ਸਾਹਿਬ ਦੀ ਇੱਕ ਤੁਕ ਅਜਿਹੇ ਸੋ ਰੋਗਾਂ ਦੀ ਇੱਕ ਦਵਾ ਹੈ-

**ਭਰੀਐ ਮਤਿ ਪਾਪਾਂ ਕੈ ਸੰਗਿ॥**
**ਉਹ ਧੋਪੈ ਨਾਵੈ ਕੇ ਰੰਗਿ॥**

(ਗੁਰੂ ਗ੍ਰੰਥ ਸਾਹਿਬ ਪੰਨਾ 2)

ਗੁਰੂ ਸਾਹਿਬ ਦੇ ਦੋ ਗ੍ਰਹਿਸਤੀ ਸਿੱਖਾਂ ਨਾਲ ਕੀਰਤਨ ਸਬੰਧੀ ਕੀਤੀ ਚਰਚਾ ਮਿਲਦੀ ਹੈ- ਸਿੱਖਾਂ ਦੀ ਭਗਤਮਾਲਾ[23] ਵਿਚ 'ਮਾਲੋ ਅਤੇ ਮਾਂਗਾ' ਦੋ ਸਿੱਖਾਂ ਦੀ

ਸਾਖੀ ਵਿਚ ਬਾਕੀ ਕਰਮਾਂ ਦੇ ਮੁਕਾਬਲੇ ਤੇ ਕੀਰਤਨ ਫਲ ਦੀ ਮਹਿਮਾਂ ਨੂੰ ਬੜੇ ਸੁੰਦਰ ਦ੍ਰਿਸ਼ਟਾਂਤਾਂ ਨਾਲ ਵਾਰਤਲਾਪ ਰੂਪ ਵਿਚ ਇਉਂ ਦਰਸਾਇਆ ਗਿਆ ਹੈ:

*ਤੁਸਾਂ ਬਚਨ ਕੀਤਾ ਹੈ ਜੋ ਕਰਮ ਸੁਗਮ ਹੈ ਕਥਾ ਕੀਰਤਨ, ਤੇ ਫਲੁ ਵਡਾ ਹੈ, ਏਹ ਅਸਾਡੇ ਸਮਝ ਵਿਚ ਕੈਸੇ ਆਵੇ? ਬਚਨ ਹੋਇਆ ਜੋ ਲਕੜਹਾਰੇ ਲੱਕੜੀਆਂ ਲਿਆਂਦੇ ਹੈਨਿ ਤੇ ਪਾਂਡੀ ਪੰਡਾਂ ਲਿਆਵੰਦੇ ਹੈਨ, ਸੋ ਮਜੂਰੀ ਵੱਡੀ ਕਰਦੇ ਹੈਨਿ ਤੇ ਨਫਾ ਥੋੜ੍ਹਾ ਹੁੰਦਾ ਹੈ ਤੇ ਜੋ ਲੂਣ ਅੰਨ ਦੀ ਹੱਟੀ ਕਰਦੇ ਹੈਨਿ, ਮਜੂਰੀ ਓਨ੍ਹਾਂ ਦੀ ਥੋੜੀ ਹੁੰਦੀ ਹੈ ਤੇ ਨਫਾ ਵਧੀਕ ਹੁੰਦਾ ਹੈ ਤੇ ਸਰਾਫ ਤੇ ਬਜਾਜ ਓਨ੍ਹਾਂ ਥੀਂ ਭੀ ਮਜੂਰੀ ਘਟ ਕਰਦੇ ਹੈਨਿ, ਭੂਖਣਾ ਤੇ ਰੁਪਯਾਂ ਦਾ ਸੋਦਾ ਕਰਦੇ ਹੈਨ ਤੇ ਨਫਾ ਬਹੁਤ ਹੁੰਦਾ ਹੈ ਤੇ ਜਵਾਹਰੀ ਹੀਰੇ ਮੋਤੀ ਦਾ ਸੋਦਾ ਕਰਦੇ ਹੈਨਿ ਤੇ ਸੁਖ ਨਾਲਿ ਬੈਠੇ ਰਹਿੰਦੇ ਹਨ, ਪਰ ਨਫਾ ਬਹੁਤ ਉਨ੍ਹਾਂ ਨੂੰ ਹੁੰਦਾ ਹੈ। ਤੇ ਜੋ ਉਨ੍ਹਾਂ ਦੀ ਸੇਵਾ ਕਰਦਾ ਹੈ ਸੋ ਭੀ ਮੋਤੀ ਹੀਰੇ ਦੀ ਪਰਖ ਸਿਖਦਾ ਹੈ। ਤੈਸੇ ਹੋਰ ਜੋ ਤਪ ਹੈਨਿ, ਸੋ ਸਰੀਰ ਉਪਰ ਕਸ਼ਟ ਹੁੰਦਾ ਹੈ, ਤੇ ਗਿਆਨ ਦੀ ਪ੍ਰਾਪਤੀ ਨਹੀਂ ਹੁੰਦੀ ਕਥਾ ਕੀਰਤਨ ਦੇ ਪੜ੍ਹਨ ਸੁਣਨ ਕਰ ਪ੍ਰਿਥਮੈ ਤਾਂ ਉਪਾਸਨਾ ਦ੍ਰਿੜ ਹੁੰਦੀ ਹੈ, ਪਿੱਛੋਂ ਇਸ ਦੇ ਵਿਚੋਂ ਗਿਆਨ ਪ੍ਰਾਪਤ ਹੋ ਜਾਂਦਾ ਹੈ ਤਾਂ ਤੇ ਇਹ ਸਾਂਤਕੀ ਤਪ ਹੈ ਨਫਾ ਬਹੁਤ ਹੈ ਤਾਂ ਏਹੁ ਬਚਨੁ ਸੁਣਕੇ ਭਾਈ ਮਾਲੋ ਪੋਥੀ ਗੁਰੂ ਕੀ ਬਾਣੀ ਦੀ ਕਥਾ ਕਰੇ ਤੇ ਭਾਈ ਮਾਂਗਾ ਸਨਮੁੱਖ ਬੈਠ ਕੇ ਸਭ ਇੰਦ੍ਰੀਆਂ ਤੇ ਮਨ ਨੂੰ ਸੰਕੋਚ ਕੈ ਸੁਣੈ,ਤੇ ਦੋਨੋਂ ਮਿਲ ਕੇ ਫੇਰ ਕੀਰਤਨ ਕਰਨਿ, ਤਾਂ ਓਨ੍ਹਾਂ ਦੀ ਰਸਨਾ ਥੀਂ ਐਸਾ ਸਭ ਸਿੱਖਾਂ ਨੂੰ ਰਸ ਆਵੈ ਕਿ ਜੋ ਕੋਈ ਸੁਣੇ ਸਭ ਪਾਪਾਂ ਦਾ ਤਿਆਗੁ ਕਰਨਿ।*

ਗ੍ਰਹਿਸਤੀ ਲੋਕ ਗੁਰੂ ਦੇ ਅਜਿਹੇ ਉਪਦੇਸ਼ਾਂ ਨੂੰ ਸੁਣਨ ਤੇ ਗ੍ਰਹਿਣ ਕਰਨ ਤਾਂ ਹੀਰੇ ਮੋਤੀਆਂ ਦੀ ਟਕਸਾਲ ਉਹਨਾਂ ਦੇ ਮਨ ਮਸਤਕ ਵਿੱਚ ਲਗ ਸਕਦੀ ਹੈ। ਜਪੁਜੀ ਦਾ ਫੁਰਮਾਨ ਹੈ-

*ਮਤਿ ਵਿਚ ਜਵਾਹਰ ਮਾਣਕ*
*ਜੇ ਇਕ ਗੁਰ ਕੀ ਸਿਖ ਸੁਣੀ॥*

(ਗੁਰੂ ਗ੍ਰੰਥ ਸਾਹਿਬ ਪੰਨਾ 2)

ਅਤੇ ਗੁਰੂ ਦੀ ਮਤ ਕੀ ਹੈ?

*ਗੁਣ ਗਾਵਾ ਦਿਨ ਰਾਤ ਨਾਨਕ ਚਾਉ ਏਹੁ॥*

(ਗੁਰੂ ਗ੍ਰੰਥ ਸਾਹਿਬ ਪੰਨਾ 762)

ਪ੍ਰਭੂ ਦੇ ਗੁਣ ਗਾਉਣ ਦਾ ਚਾਅ ਗੁਰੂ ਨੂੰ ਹੈ ਤੇ ਉਹੀ ਚਾਅ ਗੁਰੂ ਜੀ ਆਪਣੇ ਗ੍ਰਹਿਸਤੀ ਸਿੱਖਾਂ ਦੇ ਮਨਾਂ ਅੰਦਰ ਵੇਖਣਾ ਚਾਹੁੰਦੇ ਹਨ।

ਜਦੋਂ ਸਿੱਖ ਦੇ ਘਰ ਬੱਚਾ ਜਨਮ ਲੈਂਦਾ ਹੈ ਸਿੱਖ ਆਪਣੇ ਬੱਚੇ ਦੇ ਨਾਮ ਕਰਨ ਲਈ ਗੁਰੂ ਦੀ ਓਟ ਲੈਂਦਾ ਹੈ। ਆਮ ਤੌਰ ਤੇ ਘਰ ਵਿੱਚ ਖੁਸ਼ੀ ਮਨਾਈ ਜਾਂਦੀ ਹੈ ਤੇ ਸਮਾਗਮ ਕੀਤਾ ਜਾਂਦਾ ਹੈ। ਇਸ ਸਮਾਗਮ ਵਿੱਚ ਕੀਰਤਨ ਜ਼ਰੂਰ ਹੁੰਦਾ ਹੈ। ਕੀਰਤਨੀਏ ਕੀਰਤਨ ਕਰਦੇ ਹਨ। ਸਿਆਣੇ ਕੀਰਤਨੀਏ ਰਾਗ ਆਸਾ ਵਿੱਚ ਸ਼ਬਦ ਗਾਇਨ ਕਰਦੇ ਹਨ-

***ਸਤਿਗੁਰ ਸਾਚੈ ਦੀਆ ਭੇਜਿ।***
***ਚਿਰੁ ਜੀਵਨੁ ਉਪਜਿਆ ਸੰਜੋਗਿ।***

(ਗੁਰੂ ਗ੍ਰੰਥ ਸਾਹਿਬ ਪੰਨਾ 396)

ਰਾਗ ਗੂਜਰੀ ਵਿੱਚ ਹੇਠ ਲਿਖਿਆ ਸ਼ਬਦ ਗਾਇਨ ਕੀਤਾ ਜਾਂਦਾ ਹੈ-

***ਪੂਤਾ ਮਾਤਾ ਕੀ ਆਸੀਸ॥***
***ਨਿਮਖ ਨ ਬਿਸਰਉ ਤੁਮ ਕਉ***
***ਹਰਿ ਹਰਿ ਸਦਾ ਭਜਹੁ ਜਗਦੀਸ।***

(ਗੁਰੂ ਗ੍ਰੰਥ ਸਾਹਿਬ ਪੰਨਾ 496)

ਬੱਚਾ ਜਵਾਨ ਹੁੰਦਾ ਹੈ। ਉਸ ਦੇ ਵਿਆਹ ਦੀਆਂ ਤਿਆਰੀਆਂ ਕੀਤੀਆਂ ਜਾਂਦੀਆਂ ਹਨ। ਉਸ ਦੀ ਕੁੜਮਾਈ ਕੀਤੀ ਜਾਂਦੀ ਹੈ। ਸਮਾਗਮ ਹੁੰਦਾ ਹੈ ਕੀਰਤਨੀਏ ਹੋਰ ਸ਼ਬਦਾਂ ਦੇ ਨਾਲ ਨਾਲ ਇਹ ਸ਼ਬਦ ਵੀ ਗਾਇਨ ਕਰਦੇ ਹਨ-

***ਸਤੁ ਸੰਤੋਖੁ ਕਰਿ ਭਾਉ***
***ਕੁੜਮੁ ਕੁੜਮਾਈ ਆਇਆ ਬਲਰਾਮ ਜੀਉ।***

(ਗੁਰੂ ਗ੍ਰੰਥ ਸਾਹਿਬ ਪੰਨਾ 773)

ਵਿਆਹ ਦੀ ਰਸਮ ਤਾਂ ਗੁਰਮਤਿ ਸੰਗੀਤ ਤੋਂ ਬਿਨਾਂ ਸੋਚੀ ਵੀ ਨਹੀਂ ਜਾ ਸਕਦੀ। ਇਸ ਸਮੇਂ ਜਦੋਂ ਬਰਾਤ ਦਾ ਢੁਕਾਉ ਹੁੰਦਾ ਹੈ ਤਾਂ ਮਿਲਣੀ ਵੇਲੇ ਹੇਠ ਲਿਖਿਆ ਛੰਤ ਗਾਇਆ ਜਾਂਦਾ ਹੈ-

*ਹਮ ਘਰਿ ਸਾਜਨ ਆਏ। ਸਾਚੈ ਮੇਲਿ ਮਿਲਾਏ।*

(ਗੁਰੂ ਗ੍ਰੰਥ ਸਾਹਿਬ ਪੰਨਾ 764)

ਪੱਲਾ ਫੜਾਉਣ ਵੇਲੇ।

***ਉਸਤਤਿ ਨਿੰਦਾ ਨਾਨਕ ਜੀ ਮੈ ਹਭ ਵਞਾਈ***
***ਛੋੜਿਆ ਹਭੁ ਕਿਛੁ ਤਿਆਗੀ॥***
***ਹਭੇ ਸਾਕ ਕੂੜਾਵੇ ਡਿਠੇ ਤਉ ਪਲੈ ਤੈਡੈ ਲਾਗੀ।***

(ਗੁਰੂ ਗ੍ਰੰਥ ਸਾਹਿਬ ਪੰਨਾ 763)

ਜਨਮ ਸਾਖੀ ਵਿੱਚ ਗੁਰੂ ਨਾਨਕ ਦੇਵ ਜੀ ਨੇ ਆਪਣੇ ਵਿਆਹ ਸਮੇਂ ਕਿਵੇਂ ਇਹਨਾਂ ਛੰਦਾਂ ਦਾ ਕੀਰਤਨ ਕੀਤਾ ਇਹ ਪ੍ਰਸੰਗ ਬੜੇ ਭਾਵ ਪੂਰਤ ਢੰਗ ਨਾਲ ਬਿਆਨ ਕੀਤਾ ਹੈ-

ਤਬ ਉਨਹੁ ਇਸਤ੍ਰੀਅਹ ਜਿ ਭਲੇ ਘਰਿ ਮਹਿ ਮਿਲਿ ਕਰਿ ਸੋਹਿਲੇ ਗਾਏ। ਤਬ ਗੁਰੂ ਬਾਬਾ ਨਾਨਕ ਉਹਨ ਕਾ ਰਾਗੁ ਸੁਨਿ ਕਰਿ ਖੁਸੀ ਭੈਆ ਜਿ, ਭਾਈ ਏ ਇਸਤ੍ਰੀਆਂ ਖੁਸੀ ਹੋਇ ਹੋਇ ਮਾਨੁਖ ਕੇ ਸੋਹਿਲੇ ਕਿਉ ਗਾਵਦੀਆਂ ਹੈਨਿ, ਮੈ ਆਪਨੇ ਲਾਲਨ ਕੇ ਸੋਹਿਲੇ ਕਿਉ ਨਾਹੀ ਗਾਵਤਾ, ਜਿਸ ਸਿਉ ਮੇਰੀ ਪ੍ਰੀਤ ਹੈ, ਤਬ ਗੁਰੂ ਨਾਨਕੁ ਜੀ ਪ੍ਰੇਮ ਪਰਮੇਸੁਰ ਕੇ ਸਾਥਿ ਬਾਨੀ ਬੋਲ ਉਠਾ ਸੂਹੀ ਰਾਗ ਮਹਿ ਸਿਫਤੀ ਛੰਤ, ਜਿ -

***ਹਮ ਘਰ ਸਾਜਨ ਆਏ।***
***ਸਾਚੇ ਮੇਲ ਮਿਲਾਏ।***

ਸੂਹੀ ਛੰਤ ਮਹਲਾ ੧, ਪੰਨਾ 764)

***ਤਬ ਇਸਤਰੀਅਹੁ ਤਣੀ ਛੁਹਾਈ। ਆਪਣਾ ਅਚਾਰ ਕੀਆ। ਤਬ ਸੂਹੀ ਰਾਗ ਮਹਿ ਗੁਰੂ ਬਾਬਾ ਨਾਨਕੁ ਜੀ ਬਾਣੀ ਬੋਲਿ ਉਠਾ-***

***ਆਵਹੁ ਸਜਣਾ ਹਉ ਦੇਖਾ ਦਰਸਨ ਤੇਰਾ ਰਾਮ॥***

(ਸੂਹੀ ਛੰਤ ਮਹਲਾ ੧, ਪੰਨਾ 764)

***ਤਬ ਗੁਰੂ ਬਾਬੇ ਰਾਤਿ ਕੈ ਸਮਉ ਏਹੁ ਸਬਦੁ ਕੀਆ। ਅਰ ਇਸਨਾਨ ਕਰਿ ਕਰਿ ਪ੍ਰਾਤ ਸਮਉ ਜਨੇਤ ਮਹਿ ਆਇ ਬੈਠਾ । ਅਲਾਪ ਕਰਿ ਰਾਗੁ ਮੰਦਰੀ ਬਿਲਾਵਲੁ ਅਰੁ ਪੀਛੈ ਤੇ ਅਲਾਪਿ ਕਰਿ ਰਬਾਬੀ ਜਾਜਕ ਕੀਰਤਨੁ ਗਾਵਹਿ ਅਰ ਗੁਰੂ ਬਾਬਾ ਨਾਨਕ ਜੀ ਗਾਵੈ। ਪਰ ਜਿਨਹੁ ਗੁਰੂ ਬਾਬਾ ਨਾਨਕ ਜੀ ਗਾਵਤਾ ਸੁਣਿਆ ਤੇ ਸਦੇਹਹ ਪਰਮਗਤਿ ਗਏ। ਜਿਨੁ ਸੁਣਿਆ ਦੇਖਿਆ, ਜਿਨੁ ਗੁਰੂ ਬਾਬੇ ਕਾ ਸਬਦੁ ਬਿਰਾਨੇ ਮੁਖਿ ਤੇ ਸੁਣਿਆ ਤੇ ਭੀ ਮੁਕਤੇ ਭਏ।***

(ਜਨਮ ਸਾਖੀ ਪਰੰਪਰਾ, ਮਿਹਰਬਾਨ ਵਾਲੀ ਜਨਮ ਸਾਖੀ, ਪੰਨਾ 69)

ਰਾਗ ਸੂਹੀ ਵਿੱਚ ਦਰਜ ਲਾਵਾਂ ਦਾ ਗਾਇਨ ਅਤੇ ਉਪਰੰਤ ਰਾਮਕਲੀ ਰਾਗ ਵਿੱਚ ਦਰਜ ਆਨੰਦ ਸਾਹਿਬ ਦਾ ਕੀਰਤਨ ਹੁੰਦਾ ਹੈ। ਗੁਰੂ ਅਮਰ ਦਾਸ ਜੀ ਦੇ ਪੋਤਰੇ ਅਰਥਾਤ ਮੋਹਰੀ ਜੀ ਦੇ ਪੁੱਤਰ ਅਨੰਦ ਦੇ ਜਨਮ ਸਮੇਂ ਗੁਰੂ ਅਮਰਦਾਸ ਜੀ ਨੇ ਅਨੰਦ ਬਾਣੀ ਦੀ ਰਚਨਾ ਕੀਤੀ ਅਤੇ ਇਸ ਬਾਣੀ ਨੂੰ ਉੱਚੀ ਉੱਚੀ ਗਾਉਣ ਦੇ ਆਦੇਸ਼ ਦਿੱਤੇ। ਮਹਿਮਾ ਪ੍ਰਕਾਸ਼ ਵਿੱਚ ਇਸ ਪ੍ਰਸੰਗ ਨੂੰ ਵਿਸਥਾਰ ਸਹਿਤ ਲਿਖਿਆ ਹੈ। ਅਨੰਦ ਬਾਣੀ ਦੇ ਗਾਇਨ ਕਰਨ ਬਾਰੇ ਆਦੇਸ਼ ਇਸ ਪ੍ਰਕਾਰ ਹਨ;-

ਦੇ ਮਾਤਾ ਕੋ ਬਲੂ ਆਇਆ।
ਸਤਗੁਰ ਤਿਸ ਯਹ ਬਚਨ ਸੁਨਾਇਆ।
ਯਹ ਅਨੰਦ ਬਾਨੀ ਮੈ ਕੀਆ।
ਮੰਗਲ ਮੂਲ ਵਾਕ ਪ੍ਰਗਟੀਆ। 19
ਤੁਮ ਕੋਠੇ ਪਰ ਚੜ ਗਾਵੋ ਤਾਹਿ।
ਅਰੁ ਲੇ ਢੋਲਕ ਸੰਗ ਬਜਾਇ।
ਜੋ ਕੋਈ ਅਬ ਯਹ ਧੁਨ ਸੁਨੇ।
ਹੋਇ ਪਾਰੰਗਦ ਕਿਲਬਿਖ ਹਨੇ। 20

***ਦੋਹਰਾ- ਸਭ ਕਾਰਜ ਯਾ ਤੇ ਸਿਧ ਹੋਇ***
***ਜੋ ਪੜੇ ਕਰ ਪ੍ਰੇਮ ਪ੍ਰਤੀਤ।***
***ਮੰਗਲ-ਮੂਲ ਬਾਨੀ ਬਨੀ***
***ਸੁਖ-ਦਾਇਕ ਭਗਤ ਬਿਨੀਤ।***

ਚੌਪਈ- ਬਲੂ ਚੜ ਕੋਠੇ ਪਰ ਗਾਇਆ।
ਢੋਲਕ ਬਜਾਇ ਸੰਗ ਸਬਦ ਸੁਹਾਇਆ।
ਤਿਸ ਸਮੇ ਸੁਨਾ ਜਿਨ ਆਨੰਦ ਬਾਣੀ।
ਪਾਇ ਭਗਤਿ ਤਿਨ ਪਦ ਨਿਰਬਾਣੀ॥ 22

ਇਸੇ ਦੇ ਨਾਲ ਨਾਲ ***ਵਿਆਹ ਹੋਆ ਮੇਰੇ ਬਾਬੁਲਾ ਗੁਰਮਖੇ ਹਰਿ ਪਾਇਆ।*** ਅਤੇ ***ਪੂਰੀ ਆਸਾ ਜੀ ਮਨਸਾ ਮੇਰੇ ਰਾਮ।*** ਸ਼ਬਦਾਂ ਦਾ ਗਾਇਨ ਹੁੰਦਾ ਹੈ। ਜਦੋਂ ਪ੍ਰਾਣੀ ਅਕਾਲ ਚਲਾਣਾ ਕਰਦਾ ਹੈ। ਵੈਰਾਗ ਮਈ ਸ਼ਬਦਾਂ ਦਾ ਗਾਇਨ ਕੀਤਾ ਜਾਂਦਾ ਹੈ।

ਰਾਮਕਲੀ ਸਦ ਵਿੱਚ ਗੁਰੂ ਅਮਰ ਦਾਸ ਜੀ ਦਾ ਬਚਨ ਹੈ-

***ਅੰਤੇ ਸਤਿਗੁਰੁ ਬੋਲਿਆ***
***ਮੈ ਪਿਛੈ ਕੀਰਤਨੁ ਕਰਿਅਹੁ ਨਿਰਬਾਣੁ ਜੀਉ॥***

(ਗੁਰੂ ਗ੍ਰੰਥ ਸਾਹਿਬ ਪੰਨਾ 923)

ਭਾਈ ਕਾਹਨ ਸਿੰਘ ਨਾਭਾ ਅਕਾਲ ਚਲਾਣੇ ਦੀ ਮਰਯਾਦਾ ਬਿਆਨ ਕਰਦਿਆਂ ਲਿਖਦੇ ਹਨ-

*ਮ੍ਰਿਤ ਸ਼ਰੀਰ ਨੂੰ ਸਨਾਨ ਕਰਾ ਕੇ ਨਿਰਮਲ ਵਸਤ੍ਰਾਂ ਨਾਲ ਢੱਕ ਕੇ ਤਖਤੇ, ਸੰਦੂਕ ਆਦਿ ਵਿੱਚ ਰੱਖ ਕੇ ਕੰਧਿਆਂ ਜਾਂ ਗੱਡੀ ਆਦਿ ਤੇ ਸੰਸਕਾਰ ਦੇ ਥਾਂ ਲੈ ਜਾਇਆ ਜਾਵੇ ਰਾਗੀ ਅਥਵਾ ਪ੍ਰੇਮੀ ਸਿੱਖ ਮਿਲ ਕੇ ਵੈਰਾਗ-ਮਈ ਸ਼ਬਦਾਂ ਦਾ ਕੀਰਤਨ ਕਰਨ——।*

(ਗੁਰਮਤ ਮਾਰਤੰਡ ਪੰਨਾ 467)

ਰਹਿਤਨਾਮਾ ਭਾਈ ਚੌਪਾ ਸਿੰਘ ਵਿੱਚ ਲਿਖਿਆ ਹੈ ਪ੍ਰਾਣੀ ਕਾ ਸ਼ਰੀਰ ਅੰਤ ਹੋਵੇ ਤਾਂ ਕੀਰਤਨ ਕਰਾਵੇ—।

(ਗੁਰਮਤ ਮਾਰਤੰਡ ਪੰਨਾ 478)

ਗੁਰ ਬਿਲਾਸ ਪਾਤਸ਼ਾਹੀ 10 ਦੇ ਅਧਿਆਇ 29) ਵਿੱਚ ਗੁਰੂ ਸਾਹਿਬ ਦੇ ਮੁਖ ਤੋਂ ਉਚਾਰਨ ਕਰਵਾਇਆ ਗਿਆ ਹੈ-

*ਸਵਾਂਗ ਸਵਾਰੀ ਕਾ ਪ੍ਰਭ ਧਾਰਯ ।*
*ਸਭ ਖਾਲਿਸ ਕੋ ਵਚਨ ਉਚਾਰਯ ।*
*ਜਯੋਂ ਥਾ ਹੁਕਮ ਤਿਵੇਂ ਸਾ ਹੋਨਾ।*
*ਹਮ ਕੋ ਸ਼ਾਦੀ ਕਿਸੂ ਨ ਰੋਨਾ।*
*ਜੋ ਹਮ ਕੋ ਰੋਵੈਗਾ ਕੋਈ।*
*ਈਤ ਊਤ ਕੌ ਦੁਖ ਹੋਈ।*
*ਕੀਰਤਨ ਕਥਾ ਸੁ ਗਾਵਹੁ ਬਾਨੀ।*
*ਇਹੈ ਮੋਹ ਸਿਖੱਯਾ ਸੁਨ ਕਾਨੀ।*

(ਗੁਰਮਤ ਮਾਰਤੰਡ ਪੰਨਾ 479)

ਗੁਰ ਪ੍ਰਤਾਪ ਸੂਰਜ ਰੁਤ 3, ਅਧਿਆਇ 40 ਵਿੱਚ ਲਿਖਿਆ ਹੈ-

*ਮਰੇ ਸਿੱਖ ਤੇ ਕਰੇ ਕੜਾਹ।*
*ਤਿਸੁ ਕੁਟੰਬ ਰੁਦਨੈ ਬਹੁ ਨਾਹ।*
*ਤਜੈ ਸ਼ੋਕ ਸਭ ਅਨਦ ਬਢਾਇ।*
*ਨਹਿੰ ਪੀਟਹਿੰ ਤ੍ਰਿਯ ਤਿਲ ਸਮੁਦਾਇ।*
*ਪਢੈਂ ਸ਼ਬਦ ਕੀਰਤਨ ਕੋ ਕਰੈਂ।*
*ਸੁਨੈਂ ਬੈਠ ਵੈਰਾਗ ਸੁ ਧਰੈਂ।*

(ਗੁਰਮਤ ਮਾਰਤੰਡ ਪੰਨਾ 479)

ਗੁਰੂ ਕਾਲ ਵਿੱਚ ਵੀ ਅਕਾਲ ਚਲਾਣੇ ਸਮੇਂ ਕੀਰਤਨ ਕਰਨ ਦੇ ਹਵਾਲੇ ਪ੍ਰਾਪਤ ਹੁੰਦੇ ਹਨ-

ਗੁਰੂ ਸਾਹਿਬਾਨ ਦੇ ਜੋਤੀ ਜੋਤਿ ਸਮਾਉਣ ਸਮੇਂ ਕੀਰਤਨ ਕਰਨ ਦਾ ਉਲੇਖ ਅਨੇਕ ਥਾਂਈ ਆਇਆ ਹੈ।

ਮਹਿਮਾ ਪ੍ਰਕਾਸ਼ ਅਨੁਸਾਰ ਜਦੋਂ ਗੁਰੂ ਅੰਗਦ ਦੇਵ ਜੀ ਜੋਤੀ ਜੋਤਿ ਸਮਾਉਣ ਲੱਗੇ ਤਾਂ ਉਹਨਾਂ ਨੇ ਹੋਰ ਰਸਮਾਂ ਕਰਨ ਦੀ ਥਾਂ ਭਜਨ ਕੀਰਤਨ ਕਰਨ ਦੇ ਆਦੇਸ਼ ਦਿੱਤੇ-

*ਹਮਰੇ ਕਾਜ ਕਛੂ ਨਹੀ ਕਰਨਾ।*
*ਨਹੀ ਕਰਨਾ ਕੋਊ ਜਗ ਆਚਰਨਾ।* 23
*ਦੇਹ ਸਿਸਕਾਰ ਅਗਨ ਮੈ ਕਰਨਾ।*
*ਕੀਰਤਨ ਭਜਨ ਤੋਖ ਚਿਤ ਧਰਨਾ।* 24
*ਅਖੰਡ ਕੀਰਤਨ ਸਭ ਮਿਲ ਕੀਓ।*
*ਜੈ ਜੈ ਕਾਰ ਜਗਤ ਮੈਂ ਭਇਓ।*

ਜਦੋਂ ਗੁਰੂ ਰਾਮ ਦਾਸ ਜੀ ਜੋਤੀ ਜੋਤਿ ਸਮਾਏ ਤਾਂ ਉਥੇ ਕੀਰਤਨ ਹੋਇਆ:

*ਅੜਿਲ- ਨਿਸ਼ਾ ਨਾਸ ਰਵਿ ਆਯ ਹਰਖ ਬਢਾਇਕੈ।*
*ਕੀਰਤਨ ਭਯੋ ਅਪਾਰ ਦੇਵ ਕਰ ਆਇਕੈ।*

(775 ਪਨਾ 194)

*ਦੋਹਰਾ- ਵਡਹੰਸ ਵਾਰ ਪ੍ਰਥਮੇ ਪੜ੍ਹ*
*ਪੁਨ ਮਾਰੂ ਪੜ੍ਹ ਵਾਰ।।*
*ਰਾਗ ਰਬਾਬੀ ਅਧਕ ਰਹਿੰ ਕਰੈ ਸਰੂ ਬਿਸਤਾਰ।।*

(778 ਪੰਨਾ 194)

*ਭਾਈ ਬੁੱਢਾ ਲਾਇ ਦੀਵਾਨ।*
*ਸੁਨਤ ਸ਼ਬਦ ਮਾਰੂ ਧਰ ਧਿਆਨ।।* 780
*ਦੋਹਿਰਾ- ਸਾਹਿਬ ਬੁੱਢੇ ਸੋਂ ਕਹਾ*
*ਅਲਾਹਿਣੀ ਪੜ੍ਹ ਸੁਹਾਇ।*
*ਰਬਾਬੀ ਰਾਗ ਮਿਲਾਇਕੈ ਪੜ੍ਹੀ ਅਧਿਕ ਚਿਤ ਲਾਇ।* 781
*ਦੀਵਾਨ ਮਧ ਬੈਠੇ ਗੁਰ ਆਇ।*
*ਰਬਾਬੀ ਭੋਗ ਸ਼ਬਦ ਕਾ ਪਾਇ।* 782
*ਰਬਾਬੀ ਕੋ ਧਨ ਦੀਨ ਅਪਾਰਾ।*
*ਕੀਰਤਨ ਸੋਹਿਲਾ ਬਹੁਰ ਉਚਾਰਾ।* 783
*ਸੁਨ ਪੈੜਾਂ ਕੀਰਤਨ ਬਹੁ ਹੋਵੈ।*
*ਭਾਂਤ ਭਾਂਤ ਚੌਂਕੀ ਦੁਖ ਖੋਵੈ।* 785

ਬਾਬਾ ਬੁੱਢਾ ਜੀ ਦੇ ਦੇਹਾਂਤ ਤੋਂ ਬਾਦ ਜੋ ਰਸਮਾਂ ਹੋਈਆਂ ਉਹਨਾਂ ਵਿੱਚ ਕੀਰਤਨ ਪ੍ਰਮੁਖ ਸੀ-

*ਹਰਿਗੁਬਿੰਦ ਗੁਰੂ ਤਬ ਇਹ ਕੀਨ ।*
*ਰਾਗੀ ਬੋਲ ਨਿਕਟ ਤਬ ਲੀਨ ।* 51
*ਸ੍ਰੀ ਮੁਖ ਕਹਾ ਸਬਦ ਤੁਮ ਗਾਵੋ।*
*ਪ੍ਰਿਥਮ ਵਾਰ ਆਸਾ ਕੀ ਲਾਵੋ।*
*ਗਾਵਤ ਮਾਰੂ ਸਬਦ ਅਪਾਰਾ। ---*
*ਰਾਗੀ ਭੋਗ ਸਬਦ ਕਾ ਪਾਯ ।*
*ਸ੍ਰੀ ਗੁਰ ਤਿਨ ਕੋ ਐਸ ਅਲਾਯ ।* 54
*ਦੋਹਿਰਾ- ਮਾਰੂ ਡਖਣੇ ਵਾਰ ਕੋ*
*ਅਬ ਗਾਵੋ ਸੁਰ ਊਚ।।*
*ਸਿੱਖ ਸੰਗਤਿ ਆਈ ਘਨੀ*
*ਭਈ ਭੀਰ ਅਤਿ ਮੂਚ।*

(55- ਪੰਨਾ 351)

ਉਪਰੋਕਤ ਚਰਚਾ ਤੋਂ ਸਪਸ਼ਟ ਹੈ ਕਿ ਗੁਰਮਤਿ ਸੰਗੀਤ ਸਿੱਖ ਗ੍ਰਹਿਸਤ ਜੀਵਨ ਦਾ ਇੱਕ ਅਟੁਟ ਅੰਗ ਹੈ।

*422, ਸੈਕਟਰ 15 ਏ, ਚੰਡੀਗੜ੍ਹ*

# ਓਮ

ਡਾ. ਜਾਗੀਰ ਸਿੰਘ

(ਭਾਸ਼ਾ ਵਿਭਾਗ ਵੱਲੋਂ ਤਿਆਰ ਕੀਤੇ ਪੰਜਾਬ ਕੋਸ਼ ਲਈ ਕਈ ਐਂਟਰੀਆਂ ਲਿਖੀਆਂ ਸਨ ਅੰਮ੍ਰਿਤ ਕੀਰਤਨ ਦੇ ਪਾਠਕਾਂ ਲਈ ਇਹਨਾਂ ਨੂੰ ਵਾਚਣਾ ਲਾਭਦਾਇਕ ਹੋਵੇਗਾ।)

ਓਮ :

ਓਮ ਭਾਰਤ ਵਿੱਚ ਧਾਰਮਿਕ ਖੇਤਰ ਦਾ ਇਕ ਮਹੱਤਵਪੂਰਨ ਸੰਕਲਪ ਅਤੇ ਅਤਿਅੰਤ ਪਵਿੱਤਰ ਸ਼ਬਦ ਮੰਨਿਆ ਗਿਆ ਹੈ ਅਤੇ ਇਸ ਦਾ ਮੂਲ ਧਾਤੂ 'ਅਵ' ਹੈ ਜਿਸ ਨਾਲ ਪ੍ਰਤੇਯ 'ਮਨ' ਲਗਣ ਨਾਲ ਪੂਰਾ ਸ਼ਬਦ 'ਓਮ' ਬਣਦਾ ਹੈ। ਇਸ ਦੇ ਅਨੇਕਾਂ ਅਰਥ ਬਿਆਨੇ ਕੀਤੇ ਗਏ ਹਨ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ 'ਓਮ' ਦੇ ਅਰਥ ਤ੍ਰਿਪਤ ਹੋਣਾ 'ਰੱਖਿਆ ਕਰਨਾ' ਬਚਾਉਣਾ ਆਦਿ ਹਨ। ਹੋਰ ਵਿਦਵਾਨਾਂ ਨੇ ਜਿਹੜੇ ਅਰਥ ਕੀਤੇ ਹਨ ਉਨ੍ਹਾਂ ਵਿਚੋਂ ਹੀ ਕੁੱਝ ਹਨ ਗਤੀ, ਕ੍ਰਾਤੀ, ਪ੍ਰੀਤੀ, ਪ੍ਰਵੇਸ, ਸਵਰਣ, ਸਮਰੱਥਾ, ਅਨੁਰੋਧ, ਕਿਰਿਆ, ਇੱਛਾ, ਰੌਸ਼ਨੀ, ਅਵਪਤੀ, ਅਲਿੰਗਨ, ਹਿੰਸਾ, ਦਾਨ, ਭਾਗ, ਵਿਧੀ ਆਦਿ। ਓਮ ਨੂੰ ਦਰਸਾਉਣ ਲਈ ਪ੍ਰਣੇਵ ਅਤੇ ਉਦਗੀਥ ਸ਼ਬਦ ਵੀ ਵਰਤੇ ਜਾਂਦੇ ਹਨ। ਵਿੰਟਰਨਿਟਜ਼ ਅਨੁਸਾਰ ਸ਼ਬਦ 'ਓਮ' ਇਬਰਾਨੀ ਦੇ ਸ਼ਬਦ 'ਆਮੀਨ' ਨਾਲ ਅਵਾਜ਼ ਅਤੇ ਅਰਥ ਦੋਹਾਂ ਪੱਖਾਂ ਤੋਂ ਕਾਫ਼ੀ ਮਿਲਦਾ ਜੁਲਦਾ ਹੈ। ਓਮ ਸ਼ਬਦ ਦੇ ਮੂਲ ਬਾਰੇ ਯਕੀਨੀ ਤੌਰ ਤੇ ਕੁੱਝ ਨਹੀਂ ਕਿਹਾ ਜਾ ਸਕਦਾ। ਹੋ ਸਕਦਾ ਹੈ ਕਿ ਇਸ ਦੀ ਵਰਤੋਂ ਆਮ ਲੋਕਾਂ ਅੰਦਰ ਮੌਜੂਦ ਹੋਵੇ। ਉਪਨਿਸ਼ਦਾਂ ਦੇ ਸਮੇਂ ਇਸ ਸ਼ਬਦ ਦੀ ਪਵਿੱਤਰਤਾ ਨੂੰ ਸਵੀਕਾਰ ਕੀਤਾ ਗਿਆ। 'ਓਮ' ਸ਼ਬਦ ਦੀ ਮਾਤ੍ਰਿਕ ਵਿਸ਼ਲੇਸ਼ਣ ਕਰਦਿਆਂ ਇਸ ਨੂੰ ਤਿੰਨ, ਸਾਢੇ ਤਿੰਨ, ਚਾਰ, ਸਾਢੇ ਚਾਰ ਅਤੇ ਕਈ ਵਾਰ ਇਸ ਤੋਂ ਵੱਧ ਮਾਤਰਾ ਦਾ ਵੀ ਮੰਨਿਆ ਜਾਂਦਾਹੈ ਪਰ ਮੁੱਖ ਵੰਡ ਤਿੰਨ ਮਾਤਰਾ ਦੀ ਹੁੰਦੀ ਹੈ। ਇਸ ਅਨੁਸਾਰ 'ਓਮ' ਨੂੰ ਉਕਾਰ, ਅਕਾਰ ਅਤੇ ਮਕਾਰ ਭਾਗਾਂ ਵਿੱਚ ਵੰਡ ਕੇ ਬ੍ਰਹਮਾ, ਵਿਸ਼ਨੂੰ ਤੇ ਮਹੇਸ਼ ਤਿੰਨ ਦੇਵਤਿਆਂ ਜਾਂ ਤਿੰਨ ਸ਼ਕਤੀਆਂ ਨਾਲ ਸੰਕੇਤਕ ਕੀਤਾ ਗਿਆ ਹੈ।

ਭਾਰਤੀ ਧਾਰਮਿਕ ਅਤੇ ਦਾਰਸ਼ਨਿਕ ਗ੍ਰੰਥਾਂ ਵਿੱਚ 'ਓਮ' ਦੀ ਮਹੱਤਤਾ ਦਾ ਜ਼ਿਕਰ ਮਿਲਦਾ ਹੈ। ਵੇਦਾਂ ਆਦਿ ਧਰਮ ਪੁਸਤਕਾਂ ਦੇ ਆਰੰਭ ਅਤੇ ਆਖਿਰ ਵਿੱਚ ਅਰਦਾਸ ਜਾਂ ਕਿਸੇ ਪਵਿੱਤਰ ਧਰਮ-ਕਾਰਜ ਦੇ ਆਰੰਭ ਵਿੱਚ ਇਸ ਸ਼ਬਦ ਨੂੰ ਪਵਿੱਤਰ ਸਮਝ ਕੇ ਪ੍ਰਯੋਗ ਕੀਤਾ ਜਾਂਦਾ ਹੈ। ਇਹ ਇਕ ਆਮ ਵਿਸ਼ਵਾਸ ਹੈ ਕਿ ਹਜ਼ਾਰ ਵਾਰ ਇਸ ਦਾ ਜਾਪ ਕਰਨ ਨਾਲ ਮਨੋਕਾਮਨਾਵਾਂ ਪੂਰੀਆਂ ਹੁੰਦੀਆਂ ਹਨ। 'ਓਮ' ਤੋਂ ਸਾਰੀਆਂ ਮੁਢਲੀਆਂ ਆਵਾਜ਼ਾ ਨਿਕਲਦੀਆਂ ਹਨ ਤੇ ਬੀਜ ਮੰਤਰ ਬਣਦੇ ਹਨ। ਇਹ ਇਕ ਸ਼ਕਤੀਸ਼ਾਲੀ ਨਾਦ ਤੱਤ ਮੰਨਿਆ ਜਾਂਦਾ ਹੈ। 'ਓਮ' ਸ਼ਬਦ ਦਾ ਪ੍ਰਯੋਗ ਰਿਗਵੇਦ ਤੋਂ ਹੀ ਸ਼ੁਰੂ ਹੋ ਜਾਂਦਾ ਹੈ ਅਤੇ ਉਥੇ ਇਸ ਨੂੰ ਰੱਖਿਅਕ, ਮਿੱਤਰ, ਸਹਾਇਕ ਅਤੇ ਮਿਹਰਬਾਨ ਕਿਹਾ ਗਿਆ ਹੈ। ਯੁਜਰਵੇਦ ਵਿੱਚ ਇਸ ਨੂੰ ਸਰਵੋਤਮ ਆਕਾਰ ਅਤੇ ਆਕਾਸ਼ ਵਾਂਗ ਅਸੀਮ ਕਿਹਾ ਗਿਆ ਹੈ। ਬ੍ਰਾਹਮਣਾ ਵਿੱਚ 'ਓਮ' ਦੀਆਂ ਤਿੰਨ ਮਾਤਰਾਵਾਂ ਨੂੰ ਵੱਖ ਵੱਖ ਅਰਥਾਂ ਵਿੱਚ ਵੰਡ ਕੇ ਬਿਆਨ ਕੀਤਾ ਜਾਂਦਾ ਹੈ।

ਉਪਨਿਸ਼ਦਾਂ ਵਿੱਚ 'ਓਮ' ਨੂੰ ਰਹੱਸਮਈ ਰੂਪ ਵਿੱਚ ਕਲਪਦਿਆਂ ਧਾਰਮਿਕ ਸਾਧਨਾਂ ਦਾ ਮਾਧਿਆਮ ਅਤੇ ਦੈਵੀ ਸ਼ਕਤੀ ਨਾਲ ਭਰਪੂਰ ਗੰਭੀਰ ਚਿੰਤਨ ਕਰਨ ਯੋਗ ਸਮਝਿਆ ਗਿਆ ਹੈ। ਛਾਂਦੋਗਿਯ ਉਪਨਿਸ਼ਦ ਅਨੁਸਾਰ ਸਾਰੇ ਜੀਵਾਂ ਦਾ ਸਾਰ ਧਰਤੀ ਹੈ। ਧਰਤੀ ਦਾ ਸਾਰ ਪਾਣੀ, ਪਾਣੀ ਸਾਰ ਬਨਸਪਤੀ, ਬਨਸਪਤੀ ਦਾ ਸਾਰ ਮਨੁੱਖ, ਮਨੁੱਖ ਦਾ ਸਾਰ ਉਸ ਦੀ ਭਾਸ਼ਾ, ਭਾਸ਼ਾ ਦਾ ਸਾਰ ਰਿਗਵੇਦ, ਰਿਗਵੇਦ ਦਾ ਸਾਰ ਸਮਵੇਦ। ਸਮਵੇਦ ਦਾ ਸਾਰ ਉਦਗੀਤ ਅਰਥਾਤ 'ਓਮ' ਹੈ ਜੋ ਸਭ ਤੋਂ ਉੱਤਮ ਹੈ। ਮਾਂਡੂਕ ਅਨੁਸਾਰ 'ਓਮ' ਇਕ ਕਮਾਨ ਹੈ ਜਿਸ ਵਿੱਚੋਂ ਆਤਮਾ ਦਾ ਤੀਰ ਨਿਕਲ ਕੇ ਬ੍ਰਹਮ ਰੂਪੀ ਨਿਸ਼ਾਨੇ ਵਿੱਚ ਜਾ ਸਮਾਉਂਦਾ ਹੈ। ਇਹ ਹਿੰਦੂ ਧਰਮ ਵਿਚ ਵਿਸ਼ਾਲ, ਗਹਿਰ ਤੇ ਗੰਭੀਰ ਸੰਕਲਪ ਹੈ। ਗੁਰਬਾਣੀ ਵਿੱਚ 'ਓਮ' ਨੂੰ ਓਨਮ, ਓਅੰਕਾਰ, ਰੂਪਾਂ ਵਿੱਚ ਵਰਤਿਆ ਗਿਆ ਹੈ। (ਪੰਜਾਬ ਕੋਸ਼,ਭਾਸ਼ਾ ਵਿਭਾਗ ਵਿੱਚੋਂ)

# ਸੰਗੀਤ ਕੌਮੁਦੀ ਪੁਸਤਕ ਦਾ ਵਿਵੇਚਨਾਤਮਕ ਅਧਿਐਨ

(ਚਾਰ ਭਾਗਾਂ ਵਿੱਚ ਪ੍ਰਕਾਸ਼ਿਤ) -ਰਿਸ਼ਪਾਲ ਸਿੰਘ

ਸੰਗੀਤ ਕੌਮੁਦੀ ਪੁਸਤਕ ਮੂਲ ਰੂਪ ਵਿੱਚ ਹਿੰਦੀ ਭਾਸ਼ਾ ਦੀ ਪੁਸਤਕ ਹੈ। ਇਸ ਪੁਸਤਕ ਦੇ ਲੇਖਕ ਵਿਕ੍ਰਮਾਦਿੱਤ ਸਿੰਘ ਨਿਗਮ ਹਨ। ਪੁਸਤਕ ਦੇ ਚਾਰ ਭਾਗ ਪਹਿਲਾਂ ਹਿੰਦੀ ਭਾਸ਼ਾ ਵਿੱਚ ਪ੍ਰਕਾਸ਼ਿਤ ਹੋਏ ਫਿਰ ਇਹਨਾਂ ਚਾਰਾਂ ਭਾਗਾਂ ਦਾ ਅਨੁਵਾਦ ਪੰਜਾਬੀ ਭਾਸ਼ਾ ਵਿੱਚ ਕੀਤਾ ਗਿਆ ਜਿਸਦਾ ਸਿਹਰਾ ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੂੰ ਜਾਂਦਾ ਹੈ। ਸੰਗੀਤ ਕੌਮੁਦੀ ਭਾਗ ਪਹਿਲਾ ਪੁਸਤਕ ਦਾ ਹਿੰਦੀ ਭਾਸ਼ਾ ਤੋਂ ਪੰਜਾਬੀ ਭਾਸ਼ਾ ਵਿੱਚ ਅਨੁਵਾਦ ਪ੍ਰਿੰਸੀਪਲ ਸਮਸ਼ੇਰ ਸਿੰਘ ਕਰੀਰ ਦੁਆਰਾ 1971 ਵਿੱਚ ਕੀਤਾ ਗਿਆ।ਲੇਖਕ ਦੇ ਵਿਚਾਰ ਅਨੁਸਾਰ ਇਹ ਪੁਸਤਕ ਭਾਰਤੀ ਸਾਸ਼ਤਰੀ ਸੰਗੀਤ ਦੇ ਪ੍ਰਮੁੱਖ ਗ੍ਰੰਥਾਂ ਸੰਗੀਤ ਪਾਰਿਜਾਤ, ਸੰਗੀਤ ਰਤਨਾਕਰ, ਅਭਿਨਵਰਾਗ ਮੰਜਰੀ ਅਤੇ ਲਕਸ਼ਯ ਸੰਗੀਤ ਆਦਿ ਦੇ ਸਿਧਾਂਤਾਂ ਉੱਪਰ ਅਧਾਰਿਤ ਹੈ।

ਇਸ ਪੁਸਤਕ ਦੇ ਭਾਗ ਪਹਿਲਾ ਵਿੱਚ ਲੇਖਕ ਨੇ ਭਾਰਤੀ ਸੰਗੀਤ ਦੇ ਇਤਿਹਾਸਕ ਵਿਕਾਸ ਨੂੰ ਹਿੰਦੂਆਂ, ਮੁਸਲਮਾਨਾਂ ਅਤੇ ਅੰਗਰੇਜਾਂ ਦੇ ਕਾਲ-ਕ੍ਰਮ ਅਨੁਸਾਰ ਵਰਣਿਤ ਕੀਤਾ ਹੈ। ਲੇਖਕ ਨੇ ਸੰਗੀਤ ਦੀਆਂ ਦੋਵੇਂ ਪੱਧਤੀਆਂ ਉੱਪਰ ਚਰਚਾ ਕਰਨ ਦੇ ਨਾਲ-ਨਾਲ ਨਾਦ, ਸ਼ਰੁਤੀ, ਸਵਰ, ਸਪਤਕ, ਸ਼ੁਧ ਸਵਰ, ਵਿਕ੍ਰਿਤ ਸਵਰ, ਰਾਗ, ਵਾਦੀ, ਸੰਵਾਦੀ ਅਤੇ ਰਾਗ ਦੇ ਸੋਂਦਰਯ ਤੱਤਾਂ  ਨਾਲ ਸਬੰਧਿਤ ਮਹੱਤਵਪੂਰਨ ਜਾਣਕਾਰੀ ਦਿਤੀ ਹੈ।ਇਹ ਪੁਸਤਕ ਜਿੱਥੇ ਸੰਗੀਤ ਦੇ ਸਾਸ਼ਤਰ ਪੱਖ ਦੀ ਅਹਿਮ ਜਾਣਕਾਰੀ ਰੱਖਦੀ ਹੈ ਉੱਥੇ ਇਸ ਪੁਸਤਕ ਵਿੱਚ ਸੰਗੀਤ ਦੇ ਕਿਰਿਆਤਮਕ ਨੂੰ ਵੀ ਅੱਖੋਂ ਉਹਲੇ ਨਹੀਂ ਕੀਤਾ ਗਿਆ। ਪੁਸਤਕ ਵਿੱਚ 11 ਰਾਗਾਂ ( ਰਾਗ ਯਮਨ, ਖਮਾਜ, ਬਿਲਾਵਲ, ਭੈਰਵ, ਪੂਰਵੀ, ਮਾਰਵਾ, ਕਾਫੀ, ਅਸਾਵਰੀ, ਤੋੜੀ, ਭੈਰਵੀ) ਅਤੇ 14 ਤਾਲਾਂ ਦੇ ਠੇਕਿਆਂ ਦਾ ਵਰਨਣ ਹੈ। ਸੰਗੀਤ ਕੌਮੁਦੀ ਪੁਸਤਕ ਦਾ ਭਾਗ ਪਹਿਲਾ ਜਿੰਨਾਂ ਸੰਗੀਤ ਦੇ ਗਾਇਨ ਪੱਖ ਲਈ ਮਹੱਤਵਪੂਰਨ ਹੈ, ਉਨਾਂ ਹੀ ਸੰਗੀਤ ਦੇ ਵਾਦਨ ਪੱਖ ਲਈ ਲਾਹੇਵੰਦ ਹੈ ਕਿਉਂਕਿ ਇਸ ਪੁਸਤਕ ਵਿੱਚ ਸਿਤਾਰ ਅਤੇ ਤਬਲਾ ਵਾਦਿਆਂ ਦੀ ਬਣਤਰ, ਵਾਦਨ ਵਿਧੀ, ਅਤੇ ਗੱਤਾਂ ਅਤੇ ਤਾਲਾਂ ਦੀ ਦੁਗੁਣ, ਚੌਗੁਣ ਅਤੇ ਅੱਠਗੁਣ ਲਿਖਣ ਦਾ ਵਿਧੀ-ਵਿਧਾਨ ਦਸਿਆ ਹੈ।

ਸੰਗੀਤ ਕੌਮੁਦੀ ਭਾਗ ਦੂਜਾ ਪੁਸਤਕ ਦਾ ਅਨੁਵਾਦ ਵੀ ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ ਪ੍ਰਿੰਸੀਪਲ ਸਮਸ਼ੇਰ ਸਿੰਘ ਕਰੀਰ ਪਾਸੋਂ 1972 ਵਿੱਚ ਕਰਵਾਇਆ। ਇਸ ਪੁਸਤਕ ਵਿੱਚ ਲੇਖਕ ਨੇ ਸੰਗੀਤ ਦੇ

ਸਾਸ਼ਤਰ ਪੱਖ ਨੂੰ ਵਧੇਰੇ ਮਹੱਤਤਾ ਦਿੰਦੇ ਹੋਏ, ਸਾਸ਼ਤਰ ਨਾਲ ਸਬੰਧਿਤ ਸਮੱਗਰੀ ਨੂੰ ਸਰਲ ਅਤੇ ਸਪਸ਼ਟ ਰੂਪ ਵਿੱਚ ਪੇਸ਼ ਕੀਤਾ ਹੈ। ਲੇਖਕ ਨੇ ਸਪਤਕ, ਪੰਡਿਤ ਵਿਅੰਕਟਮਖੀ ਦੇ 72 ਥਾਟਾਂ, ਸ਼ੁਧ ਅਤੇ ਵਿਕ੍ਰਿਤ ਸਵਰ ਮਿਲਾ ਕੇ, ਕੁੱਲ 12 ਸਵਰਾਂ ਵਿੱਚੋ ਕਿੰਨੇ ਥਾਟ ਕਿਵੇਂ ਉਤਪੰਨ ਹੋਣਗੇ ਇਸ ਨੂੰ ਅੰਕ ਗਣਿਤ ਦਾ ਅਧਾਰ ਬਣਾਕੇ ਸਪਸ਼ਟ ਰੂਪ ਵਿੱਚ ਦ੍ਰਿਸ਼ਟੀਗੋਚਰ ਕੀਤਾ ਹੈ। ਇਸ ਪੁਸਤਕ ਵਿੱਚ ਥਾਟ ਰਾਗ ਵਰਗੀਕਰਣ, ਸੰਕੀਰਣ ਰਾਗ, ਰਾਗਾਂਗ ਰਾਗ, ਭਾਸ਼ਾਂਗ ਰਾਗ, ਕ੍ਰਿਆਂਗ ਰਾਗ, ਉਪਾਂਗ ਰਾਗ, ਗ੍ਰਹਿ, ਅੰਸ਼, ਨਿਆਸ ਜਿਹੇ ਸਾਸ਼ਤਰੀ ਵਿਸ਼ਿਆਂ ਅਤੇ ਗਾਇਕ ਦੇ ਗੁਣ ਅਤੇ ਦੋਸ਼ਾਂ ਤੋਂ ਜਾਣੂੰ ਕਰਵਾਇਆ ਹੈ। ਕਿਰਿਆਤਮਕ ਪੱਖ ਨੂੰ ਧਿਆਨ ਵਿੱਚ ਰੱਖਦੇ ਹੋਏ 15 ਮੁੱਖ ਰਾਗਾਂ ( ਰਾਗ ਭੂਪਾਲੀ, ਹਮੀਰ, ਕੇਦਾਰ, ਦੇਸ, ਤਿਲਕ ਕਾਮੋਦ, ਕਲਿੰਗੜਾ, ਬਿਹਾਗ, ਸਿਰੀ, ਸੋਹਨੀ, ਬਾਗੇਸਰੀ, ਭੀਮਪਲਾਸੀ, ਬ੍ਰਿੰਦਾਵਨੀ ਸਾਰੰਗ, ਪੀਲੂ, ਜੌਨਪੁਰੀ ਅਤੇ ਮਾਲਕੌਂਸ਼) ਦਾ ਪੂਰਨ ਪਰਿਚੈ ਅਤੇ ਕੁਝ ਤਾਲਾਂ ਨੂੰ ਵੀ ਲਿਪੀਬੱਧ ਕੀਤਾ ਗਿਆ ਹੈ।

ਸੰਗੀਤ ਕੌਮੁਦੀ ਭਾਗ ਤੀਜਾ ਪੁਸਤਕ ਦਾ ਹਿੰਦੀ ਭਾਸ਼ਾ ਤੋਂ ਪੰਜਾਬੀ ਭਾਸ਼ਾ ਵਿੱਚ ਅਨੁਵਾਦਿਤ ਕਾਰਜ ਕੰਵਰ ਮ੍ਰਿਗੇਂਦਰ ਸਿੰਘ ਦੇ ਅਣਥਕ ਯਤਨਾਂ ਸਦਕਾ ਸੰਭਵ ਹੋ ਸਕਿਆ। ਇਹ ਪੁਸਤਕ ਸੰਗੀਤ ਦੇ ਸਿਧਾਂਤਿਕ ਪੱਖ ਤੋਂ ਬਹੁਤ ਹੀ ਮਹੱਤਵਪੂਰਨ ਪੁਸਤਕ ਹੈ। ਇਸ ਪੁਸਤਕ ਦੇ ਸ਼ਰੁਤੀ ਅਤੇ ਸਵਰ ਦੀ ਤੁਲਨਾ, ਪ੍ਰਾਚੀਨ ਗ੍ਰੰਥਕਾਰਾਂ ਦੀਆਂ ਸਮਾਨ ਸ਼ਰੁਤੀਆਂ, ਵੀਣਾਂ ਦੀ ਤਾਰ ਉਪਰ ਸਵਰ ਸਥਾਪਨਾ, ਸੁਰਾਂ ਦੀ ਅੰਦੋਲਨ ਸੰਖਿਆ ਕੱਢਣ ਦੀ ਰੀਤ ਆਦਿ ਵਿਸ਼ੇ ਇਸਦੀ ਮਹੱਤਵਪੂਰਨ ਕੜੀ ਹਨ। ਇਸ ਦੇ ਨਾਲ-ਨਾਲ ਲੇਖਕ ਨੇ ਗੰਧਰਵ ਗਾਨ, ਮਾਰਗੀ, ਦੇਸੀ, ਨਾਇਕੀ ਅਤੇ ਗਾਇਕੀ ਨਾਮੀ ਵਿਸ਼ਿਆਂ ਨੂੰ ਛੂਹਿਆ ਹੈ। ਕਿਰਿਆਤਮਕ ਪੱਖ ਨੂੰ ਧਿਆਨ ਵਿੱਚ ਰੱਖਦੇ ਹੋਏ 25 ਮੁੱਖ ਰਾਗਾਂ (ਰਾਗ ਸੁਧ ਕਲਿਆਣ, ਪਰਜ, ਪੂਰੀਆ, ਲਲਿਤ, ਹਿੰਡੋਲ, ਸ਼ੰਕਰਾ, ਦੁਰਗਾ, ਮਾਂਡ, ਜੈਜਾਵੰਤੀ, ਰਾਮਕਲੀ, ਵਿਭਾਸ, ਪੂਰਵੀ, ਪੂਰੀਆ ਧਨਾਸਰੀ, ਸਿਰੀ, ਸਿੰਧੂਰਾ, ਮੁਲਤਾਨੀ, ਅੜਾਨਾ, ਗੋਂਡ ਮਲਹਾਰ, ਮੀਆਂ ਮਲਹਾਰ, ਦਰਬਾਰੀ ਕਾਨੜਾ, ਤੋੜੀ) ਦਾ ਪੂਰਨ ਪਰਿਚੈ ਅਤੇ ਤਾਲ ਪੱਖ ਦੀ ਮਹੱਤਤਾ ਨੂੰ ਦੇਖਦੇ ਹੋਏ ਕੁਝ ਤਾਲਾਂ ਨੂੰ ਵੀ ਲਿਪੀਬੱਧ ਕੀਤਾ ਗਿਆ ਹੈ। ਇਸ ਤੋਂ ਇਲਾਵਾ ਪੁਸਤਕ ਦੇ ਅੰਤ ਵਿੱਚ ਵਿਦਵਾਨ ਸੰਗੀਤਕਾਰਾਂ ਦਾ ਜੀਵਨ ਬਿਉਰਾ ਇਸ ਪੁਸਤਕ ਨੂੰ ਹੋਰ ਵੀ ਮਹੱਤਵਪੂਰਨ ਬਣਾ ਦਿੰਦਾ ਹੈ।

ਸੰਗੀਤ ਕੌਮੁਦੀ ਭਾਗ ਚੌਥਾ ਪੁਸਤਕ ਦਾ ਅਨੁਵਾਦ ਵੀ ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ ਕੰਵਰ

ਮ੍ਰਿਗੇਂਦਰ ਸਿੰਘ ਪਾਸੋਂ 1978 ਵਿੱਚ ਕਰਵਾਇਆ। ਇਸ ਪੁਸਤਕ ਵਿੱਚ ਹਿੰਦੁਸਤਾਨੀ ਅਤੇ ਕਰਨਾਟਕੀ ਸੰਗੀਤ ਪੱਧਤੀ ਦਾ ਤੁਲਨਾਤਮਕ ਅਧਿਐਨ ਅਤੇ ਦੋਵਾਂ ਪੱਧਤੀਆਂ ਦੀਆਂ ਸਮਾਨਤਾਵਾਂ ਨੂੰ ਸਰਲ ਢੰਗ ਨਾਲ ਵਿਚਾਰਿਆ ਹੈ। ਇਸ ਤੋਂ ਇਲਾਵਾ ਨਿਬੱਧ ਗਾਨ, ਅਨਿਬੱਧ ਗਾਨ, ਜਾਤੀ ਗਾਨ, ਰਾਗ ਦੇ ਪ੍ਰਮੱਖ ਲਛਣ, ਪ੍ਰਾਚੀਨ ਅਲਾਪ ਗਾਇਨ, ਆਧੁਨਿਕ ਗੀਤ ਪ੍ਰਕਾਰਾਂ ਧਰੁਪਦ,ਧਮਾਰ, ਖਿਆਲ, ਟੱਪਾ, ਠੁਮਰੀ ਦਾ ਇਤਿਹਾਸਿਕ ਵਿਕਾਸ, ਗਾਇਕੀ-ਨਾਇਕੀ ਆਦਿ ਵਿਸ਼ਿਆਂ ਦੇ ਨਾਲ-ਨਾਲ ਭਿੰਨ-ਭਿੰਨ ਵਾਦਿਆਂ ਦੀ ਬਣਾਰ ਅਤੇ ਵਾਦਨ ਢੰਗ ਨੂੰ ਸਪਸ਼ਟ ਕੀਤਾ ਹੈ। ਕਿਰਿਆਤਮਕ ਪੱਖ ਨੂੰ ਧਿਆਨ ਵਿੱਚ ਰੱਖਦੇ ਹੋਏ 25 ਮੁੱਖ ਰਾਗਾਂ ( ਰਾਗ ਸੁਧ ਕਲਿਆਣ, ਪਰਜ, ਪੂਰੀਆ, ਲਲਿਤ, ਸ਼ੰਕਰਾ, ਦੁਰਗਾ, ਮਾਂਡ, ਜੈਜਾਵੰਤੀ, ਰਾਮਕਲੀ, ਵਿਭਾਸ, ਪੂਰਵੀ, ਸਿਰੀ, ਸਿੰਧੂਰਾ, ਅੜਾਨਾ, ਮੀਆਂ ਮਲਹਾਰ, ਦਰਬਾਰੀ ਕਾਨੜਾ, ਤੋੜੀ, ) ਦਾ ਪੂਰਨ ਪਰਿਚੈ ਅਤੇ ਤਾਲ ਪੱਖ ਦੀ ਮਹੱਤਤਾ ਨੂੰ ਦੇਖਦੇ ਹੋਏ ਕੁਝ ਤਾਲਾਂ ਨੂੰ ਵੀ ਲਿਪੀਬੱਧ ਕੀਤਾ ਗਿਆ ਹੈ।

ਪੁਸਤਕ ਪੜਚੋਲ:

ਹਰ ਵਿਸ਼ੇ ਦੇ ਦੋ ਮਹੱਤਵਪੂਰਨ ਪਹਿਲੂ ਹੁੰਦੇ ਹਨ - ਵਿਸੇਸ਼ਤਾਵਾਂ ਅਤੇ ਅਲੋਚਨਾ। ਸੰਗੀਤ ਕੌਮੁਦੀ ਪੁਸਤਕ ਦੀ ਰਚਨਾ ਸੰਗੀਤ ਦੇ ਸਿਧਾਂਤਿਕ ਅਤੇ ਕਿਰਿਆਤਮਕ ਪੱਖਾਂ ਨੂੰ ਧਿਆਨ ਵਿੱਚ ਰੱਖਕੇ ਕੀਤੀ ਗਈ ਹੈ। ਸੰਗੀਤ ਸਾਸ਼ਤਰ ਦੀ ਇਹ ਪੁਸਤਕ ਆਪਣੇ ਢੰਗ ਦੀ ਨਿਰਾਲੀ ਅਤੇ ਆਧਾਰਿਕ ਪੁਸਤਕ ਹੈ। ਸੰਗੀਤ ਕੌਮੁਦੀ ਪੁਸਤਕ ਸਾਸ਼ਤਰ ਪੱਖ ਤੋਂ ਸੰਗੀਤ ਪਾਠਕਾਂ ਲਈ ਵਧੇਰੇ ਮਹੱਤਵਪੂਰਨ ਹੈ। ਜੇਕਰ ਇਸ ਪੁਸਤਕ ਨੂੰ ਅਲੋਚਨਾ ਦੀ ਦ੍ਰਿਸ਼ਟੀ ਤੋਂ ਵੇਖਿਆ ਜਾਵੇ ਤਾਂ ਇਸ ਪੁਸਤਕ ਦੇ ਸਾਰੇ ਭਾਗਾਂ ਵਿੱਚ ਮੂਲ ਲੇਖਕ ਨੂੰ ਸੰਸਕ੍ਰਿਤ ਭਾਸ਼ਾ ਦੀ ਘੱਟ ਜਾਣਕਾਰੀ ਦਾ ਬੋਧ ਹੁੰਦਾ ਹੈ। ਪੁਸਤਕ ਦੇ ਪਹਿਲੇ ਅਤੇ ਦੂਜੇ ਭਾਗ ਵਿੱਚ ਸੰਸਕ੍ਰਿਤ ਭਾਸ਼ਾ ਦੇ ਸ਼ਲੋਕ ਅਤੇ ਸ਼ਬਦਾਵਲੀ ਸਪਸ਼ਟ ਨਜਰ ਨਹੀਂ ਆਉਂਦੀ। ਪੁਸਤਕ ਦੇ ਭਾਗ ਤੀਜਾ ਅਤੇ ਚੌਥਾ ਦੇ ਪੰਨਾ ਨੰ. 25 ਉੱਪਰ ਨਜ਼ਰ ਮਾਰੀਏ ਤਾਂ ਪਤਾ ਚਲਦਾ ਹੈ ਕਿ ਸੰਗੀਤ ਰਤਨਾਕਰ ਅਨੁਸਾਰ ਸਲੋਕ ਵਿੱਚ ਜਾਤੀ ਲਛਣ 13 ਦਰਸਾਏ ਗਏ ਹਨ ਪਰੰਤੂ ਲੇਖਕ ਨੇ ਸਿਰਫ 12 ਲਛਣਾਂ ਦਾ ਜਿਕਰ ਕੀਤਾ ਹੈ, ਇਸ ਤੋਂ ਉਪਰੰਤ ਲੇਖਕ ਨੇ ਪ੍ਰਾਚੀਨ ਆਲਾਪ ਗਾਇਨ ਸਵਸਥਾਨ ਦੇ ਤਿੰਨ ਪ੍ਰਕਾਰ ਮੰਨੇ ਹਨ ਜਦਕਿ ਪ੍ਰਾਚੀਨ ਅਲਾਪ ਸਵਸਥਾਨ ਦੇ ਚਾਰ ਪ੍ਰਕਾਰ ਹਨ। ਪੁਸਤਕ ਵਿੱਚ ਲੇਖਕ ਨੇ ਅੰਸ਼ ਸਵਰ ਨੂੰ ਵਿਵਾਦੀ ਸਵਰ ਕਿਹਾ ਹੈ ਜੋ ਕਿ ਮੰਨਣਯੋਗ ਨਹੀਂ ਹੈ। ਇਤਿਹਾਸਿਕ ਤੱਥਾਂ ਉੱਪਰ ਨਜਰ ਮਾਰੀਏ ਤਾਂ ਕੁਝ


ਇਤਿਹਾਸਿਕ ਤੱਥ ਵੀ ਮੰਨਣਯੋਗ ਨਹੀਂ ਹਨ ਜਿਵੇਂ ਇਸ ਪੁਸਤਕ ਵਿੱਚ ਲੇਖਕ ਨੇ ਮੁਹੰਮਦ ਸ਼ਾਹ ਰੰਗੀਲੇ ਦਾ ਸ਼ਾਸਨ-ਕਾਲ ਸਮਾਂ 1719-1740 ਮੰਨਿਆ ਹੈ ਜਦਕਿ ਕੁਝ ਹੋਰ ਮਹੱਤਵਪੂਰਨ ਪੁਸਤਕਾਂ ਦੇ ਅਧਿਐਨ ਤੋਂ ਪਤਾ ਚਲਦਾ ਹੈ ਕਿ ਮੁਹੰਮਦ ਸ਼ਾਹ ਰੰਗੀਲੇ ਦਾ ਸ਼ਾਸਨ-ਕਾਲ ਸਮਾਂ 1719-1748 ਸੀ। ਹਿੰਦੀ ਭਾਸ਼ਾਈ ਤਰੁਟੀਆਂ ਨੂੰ ਪੰਜਾਬੀ ਭਾਸ਼ਾ ਵਿੱਚ ਅਨੁਵਾਦ ਕਰਦੇ ਸਮੇਂ ਦੂਰ ਕਰਨ ਦੇ ਯਤਨ ਕੀਤੇ ਗਏ ਹਨ। ਕਿਰਿਆਤਮਕ ਪੱਖ ਉੱਪਰ ਨਜਰ ਮਾਰੀਏ ਤਾਂ ਇਸ ਪੱਖ ਤੋਂ ਵੀ ਪੁਸਤਕ ਵਿੱਚ ਸੁਧਾਰ ਦੀ ਜਰੂਰਤ ਹੈ ਉਦਾਹਰਣ ਰੂਪ ਵਿੱਚ ਦੇਖਿਆ ਜਾਵੇ ਤਾਂ ਲੇਖਕ ਨੇ ਮੁਲਤਾਨੀ ਰਾਗ ਵਿੱਚ ਕੋਮਲ ਨਿਸ਼ਾਦ ਦਾ ਪ੍ਰਯੋਗ ਦਰਸਾਇਆ ਹੈ ਪਰੰਤੂ ਪ੍ਰਚਲਿਤ ਰਾਗ ਮੁਲਤਾਨੀ ਵਿੱਚ ਕੋਮਲ ਨਿਸ਼ਾਦ ਦਾ ਪ੍ਰਯੋਗ ਨਹੀਂ ਕੀਤਾ ਜਾਂਦਾ। ਇਸ ਪੁਸਤਕ ਵਿੱਚ ਬਹੁਤ ਸਾਰੇ ਅਜਿਹੇ ਰਾਗ ਅਤੇ ਤਾਲ ਹਨ ਜੋ ਪੁਸਤਕ ਦੇ ਲਗਭਗ ਹਰ ਭਾਗ ਵਿੱਚ ਦੁਬਾਰਾ-ਦੁਬਾਰਾ ਪ੍ਰਕਾਸ਼ਿਤ ਕੀਤੇ ਗਏ ਹਨ ਜਦਕਿ ਭਾਰਤੀ ਸੰਗੀਤ ਵਿੱਚ ਅਨੇਕ ਪ੍ਰਚਲਿਤ ਅਤੇ ਅਪ੍ਰਚਲਿਤ ਰਾਗ ਅਤੇ ਤਾਲ ਵਿਦਮਾਨ ਹਨ ਜਿਨ੍ਹਾਂ ਦਾ ਵਰਨਣ ਕਰਨਾ ਸੰਗੀਤ ਪ੍ਰੇਮੀਆਂ ਲਈ ਹੋਰ ਵੀ ਵਧੇਰੇ ਲਾਹੇਵੰਦ ਹੋ ਸਕਦਾ ਸੀ।

ਅਸਿਸ਼ਟੈਂਟ ਪ੍ਰੋਫੈਸਰ(ਸੰਗੀਤ ਵਿਭਾਗ)

ਗੁਰੂ ਨਾਨਕ ਕਾਲਜ ਬੁਢਲਾਡਾ

9915105008

**ਪਿਛਲੇ ਅੰਕ ਦੀ ਬਾਕੀ**



ਕੀਰਤਨੀਆਂ ਦੇ ਜੀਵਨ ਬਾਰੇ ਬਹੁਤ ਘੱਟ ਲਿਖਿਆ ਗਿਆ ਹੈ। ਜੋ ਲਿਖਿਆ ਜਾਂਦਾ ਹੈ, ਕਈ ਵਾਰ ਉਹ ਵੀ ਇਕ ਪਾਸੜ ਹੁੰਦਾ ਹੈ। ਕੁਝ ਸ਼ਰਧਾਲੂ ਕੀਰਤਨੀਆਂ ਦੀ ਅਤਿ ਪ੍ਰਸ਼ੰਸਾ ਕਰ ਦਿੰਦੇ ਹਨ ਅਤੇ ਕੁਝ ਆਲੋਚਕ ਕੀਰਤਨੀਆਂ ਦੀ ਗਾਇਨ ਸ਼ੈਲੀ ਆਦਿ ਬਾਰੇ ਆਲੋਚਨਾ ਕਰਦੇ ਹਨ।ਅਸੀਂ ਚਾਹੁੰਦੇ ਹਾਂ ਕਿ ਸਰੋਤੇ ਜਾਂ ਕੁਝ ਹੋਰ ਲੇਖਕ ਆਪਣੇ ਨੇੜਲੇ ਕੀਰਤਨੀਆਂ ਦੇ ਜੀਵਨ ਬਾਰੇ ਕੁਝ ਲਿਖਦੇ ਰਹਿਣ ਤਾਂ ਜੋ ਉਹਨਾਂ ਦੇ ਜੀਵਨ ਬਾਰੇ ਆਮ ਸੰਗਤਾਂ ਨੂੰ ਜਾਣਕਾਰੀ ਮਿਲੇ ਅਤੇ ਨਵੇਂ ਕੀਰਤਨੀਆਂ ਨੂੰ ਕੋਈ ਸੇਧ ਪ੍ਰਾਪਤ ਹੋਵੇ। ਅਸੀਂ ਭਾਈ ਕਰਮ ਸਿੰਘ ਰਤਨ ਦੀ ਜੀਵਨੀ ਨੂੰ ਜਿਹੜੀ ਕਿ ਭਾਈ ਗੁਰਮੀਤ ਸਿੰਘ ਜੋਸ਼ ਨਵੀਂ ਦਿੱਲੀ ਵਾਲਿਆਂ ਨੇ ਬੜੀ ਸ਼ਰਧਾ ਨਾਲ ਲਿਖੀ ਹੈ, ਕਿਸ਼ਤਵਾਰ ਛਾਪ ਰਹੇ ਹਾਂ। ਆਸ ਹੈ ਕਿ ਪਾਠਕਾਂ ਨੂੰ ਪਸੰਦ ਆਵੇਗੀ।

# ਬਹੁ ਪੱਖੀ ਸ਼ਖਸੀਅਤ : ਭਾਈ ਕਰਮ ਸਿੰਘ ਰਤਨ

## ਭਾਈ ਗੁਰਮੀਤ ਸਿੰਘ ਜੋਸ਼

ਸਾਰਾ ਪ੍ਰੋਗਰਾਮ ਪੱਕਾ ਹੋਣ ਤੋਂ ਬਾਅਦ ਰਤਨ ਜੀ ਆਪਣੇ ਜਥੇ ਸਕੇਤ ਲਖਨਊ ਤੋਂ ਦਿੱਲੀ , ਥਾਈਲੈਂਡ ਅੰਬੈਸੀ ਤੋਂ ਵੀਜ਼ਾ ਲੈਣ ਲਈ ਗਏ। ਬੈਂਕੋਕ ਜਾਣ ਲਈ ਆਪ ਜੀ ਦੇ ਨਾਲ ਇਹ ਸਾਥੀ ਸਨ ਭਾਈ ਪੂਰਨ ਸਿੰਘ ਜੀ ਸਹਾਇਕ ਰਾਗੀ , ਅਤੇ ਤਬਲੇ ਤੇ ਸਾਥ ਦੇਣ ਲਈ ਪ੍ਰੋ. ਮੋਹਨ ਸਿੰਘ ਪਟਿਆਲੇ ਵਾਲੇ। ਵੀਜ਼ਾ ਲੈਣ ਤੋਂ ਬਾਅਦ 31 ਜੁਲਾਈ 1983 ਨੂੰ ਬੈਂਕੋਕ ਪਹੁੰਚਣ ਦਾ ਪ੍ਰੋਗਰਾਮ ਪੱਕਾ ਹੋ ਗਿਆ। ਰਤਨ ਜੀ ਨੇ ਗੁਰਦੁਆਰਾ ਕਮੇਟੀ ਨੂੰ ਅਸਤੀਫਾ ਦੇ ਦਿਤਾ। ਚੰਦਰ ਨਗਰ ਲਖਨਊ ਵਿਖੇ ਕਿਰਾਏ ਤੇ ਮਕਾਨ ਲੈ ਕੇ ਪ੍ਰਵਾਰ ਨੂੰ ਓਥੇ ਟਿਕਾਣ ਦਾ ਪ੍ਰੋਗਰਾਮ ਬਣਾ ਲਿਆ ਕਿਉਂਕਿ ਆਪ ਜੀ ਦੇ ਚਾਰ ਬੱਚੇ ਦੋ ਲੜਕੀਆਂ ਤੇ ਦੋ ਬੱਚੇ ਉਸ ਸਮੇਂ ਨੇੜੇ ਦੇ ਸਕੂਲਾਂ ਵਿੱਚ ਪੜ੍ਹ ਰਹੇ ਸਨ। ਗੁਰਦੁਆਰਾ ਸਦਰ ਬਾਜ਼ਾਰ ਲਖਨਊ ਵਿੱਚ 15 ਜੁਲਾਈ 1979 ਤੋਂ 15 ਜੁਲਾਈ 1983 ਤਕ ਪੂਰੇ ਚਾਰ ਸਾਲ ਇਥੇ ਸ਼ਾਨਦਾਰਾ ਸਹਿਤ ਸੇਵਾ ਨਿਭਾਈ। 15 ਜੁਲਾਈ ਨੂੰ ਗੁਰਦੁਆਰਾ ਸਦਰ ਬਾਜ਼ਾਰ ਕਮੇਟੀ ਨੇ ਵਿਸ਼ੇਸ਼ ਦਿਵਾਨ ਰੱਖ ਕੇ ਭਾਈ ਕਰਮ ਸਿੰਘ ਰਤਨ ਜੀ ਦੇ ਜਥੇ ਨੂੰ ਵਿਦਾਇਗੀ ਦਿੱਤੀ। ਸ. ਅਜੀਤ ਸਿੰਘ ਸੇਠੀ ਯੂ.ਪੀ. ਵਿਧਾਨ ਸਭਾ ਵਿਚ ਇਕ ਮੰਤਰੀ ਸਨ ਉਹਨਾਂ ਨੂੰ ਸਦ ਕੇ ਉਹਨਾਂ ਪਾਸੋਂ ਰਤਨ ਜੀ ਦੇ ਜਥੇ ਦਾ ਸਨਮਾਨ ਕਰਵਾਇਆ ਤੇ ਸਿਰੋਪੇ ਦੇ ਕੇ ਵਿਦਿਆ ਕੀਤਾ।

31 ਜੁਲਾਈ ਨੂੰ 5.30 ਵਜੇ ਪਾਲਮ ਏਅਰ ਪੋਰਟ ਪਹੁੰਚ ਗਏ ਤੇ ਉਸ ਤੋਂ ਬਾਅਦ ਇਮੀਗਰੇਸ਼ਨ ਹੋਣ ਤੋਂ ਬਆਦ ਆਪ ਜੀ ਦਾ ਜਹਾਜ਼ ਜੋ ਕੇ ਏਅਰ ਫਰਾਂਸ ਦਾ ਜਹਾਜ਼ ਸੀ, ਉਹ 8.30 ਵਜੇ ਦਿੱਲੀ ਤੋਂ ਚੱਲ ਕੇ 4 ਘੰਟੇ ਵਿੱਚ ਥਾਈਲੈਂਡ ਦੀ ਰਾਜਧਾਨੀ ਬੈਂਕੋਕ ਪਹੁੰਚ ਗਿਆ। ਬੈਂਕੋਕ ਏਅਰ ਪੋਰਟ ਤੇ ਸਿੰਘ ਸਭਾ ਵੱਲੋਂ ਗੱਡੀ ਲੈਣ ਲਈ ਜਥੇ ਨੂੰ ਲੈਣ ਲਈ ਪਹੁੰਚੀ ਹੋਈ ਸੀ ਅਤੇ ਗੁਰਦੁਅਰਾ ਸਾਹਿਬ ਪਹੁੰਚਣ ਤੋਂ ਬਾਅਦ, ਮੈਨੇਜਰ ਸ. ਰਣਜੀਤ ਸਿੰਘ ਜੀ ਨੇ ਰਤਨ ਜੀ ਦੇ ਜਥੇ ਨੂੰ ਰਿਹਾਇਸ਼ ਲਈ ਕਮਰਾ ਦਿੱਤਾ ਅਤੇ ਉਨ੍ਹਾਂ ਕਿਹਾ ਆਪ ਜੀ ਪ੍ਰਸ਼ਾਦਾ ਪਾਣੀ ਛੱਕ ਕੇ ਤਿਆਰ

ਹੋ ਜਾਉ ਅੱਜ ਸ਼ਾਮ ਨੂੰ ਕਿਸੇ ਦੇ ਘਰ ਕੀਰਤਨ ਕਰਨਾ ਹੈ ਬੱਚੇ ਦਾ ਜਨਮ ਦਿਨ ਹੈ, ਤੇ ਭਾਈ ਸਾਹਿਬ ਜੀ ਦਾ ਜਥਾ ਤਿਆਰ ਹੋ ਗਿਆ , ਤੇ ਜਿਨ੍ਹਾਂ ਦੇ ਘਰ ਪ੍ਰੋਗਰਾਮ ਸੀ ਉਹ ਕਾਰ ਤੇ ਭਾਈ ਸਾਹਿਬ ਦੇ ਜਥੇ ਨੂੰ ਲੈ ਗਏ, ਤੇ ਆਪ ਜੀ ਨੇ ਉਹਨਾਂ ਦੇ ਘਰ 31 ਜੁਲਾਈ ਨੂੰ ਹੀ ਬੈਂਕੋਕ ਵਿੱਚ ਪਹਿਲਾ ਕੀਰਤਨ ਕੀਤਾ, ਤੇ ਭਾਈ ਕਰਮ ਸਿੰਘ ਰਤਨ ਜੀ ਦਾ ਕੀਰਤਨ ਸੁਣ ਕੇ ਬਹੁਤ ਪ੍ਰਸੰਨ ਹੋਏ, ਤੇ ਸੰਗਤਾਂ ਨੇ ਜਥੇ ਨੂੰ ਮਾਇਆ ਦੀ ਸੇਵਾ ਨਾਲ ਨਿਹਾਲ ਕਰ ਦਿੱਤਾ।

ਗੁਰਦੁਆਰਾ ਸਿੰਘ ਸਭਾ ਬੈਂਕੋਕ ਦੇ ਨਿਯਮ ਅਤੇ ਮਰਯਾਦਾ ਇਸ ਪ੍ਰਕਾਰ ਹੈ ਅਤੇ ਬੈਂਕੋਕ ਦੇ ਸਿੰਘ ਸਭਾ ਗੁਰਦੁਆਰੇ ਵਿੱਚ ਸਾਰੀ ਮਰਯਾਦਾ ਦੀ ਅਕਾਲ ਤਖ਼ਤ ਤੋਂ ਪ੍ਰਵਾਨਤ ਮਰਯਾਦਾ ਹੀ ਚਲਾਈ ਜਾਂਦੀ ਹੈ, ਅਤੇ ਇਸ ਦੀ ਜਗਾਹ ਦੀ ਸੰਗਤ ਕੀਰਤਨ ਦੀ ਬਹੁਤ ਸਰੋਤੀ ਹੈ ਉਸ ਦੀ ਵਜਹ ਏਹ ਹੈ ਕਿ ਇਸ ਜਗਾਹ ਦੀ ਸੰਗਤ ਆਪ ਸਾਰੇ ਹੀ ਚੰਗੇ ਸਿਆਣੇ ਕੀਰਤਨੀਏ ਹਨ ਅਤੇ ਹਰ ਬੱਚੇ ਤੋਂ ਲੈ ਕੇ ਜਵਾਨ ਤੇ ਬਿਰਧ ਅਤੇ ਬੀਬੀਆਂ ਸਾਰੇ ਹੀ ਕੀਰਤਨ ਕਰਦੇ ਹਨ।

ਹਰ ਐਤਵਾਰ ਨੂੰ ਸਿੰਘ ਸਭਾ ਵਿਖੇ ਦੀਵਾਨ ਦੀ ਸਮਾਪਤੀ ਵੇਲੇ ਅਗਲੇ ਪੂਰੇ ਹਫਤੇ ਦਾ ਪ੍ਰੋਗਰਾਮ ਸੋਮਵਾਰ ਤੋਂ ਲੈ ਕੇ ਅਗਲੇ ਐਤਵਾਰ ਤਕ ਦਾ ਸਾਰਾ ਅਨਾਉਸ ਕਰ ਦਿੱਤਾ ਜਾਂਦਾ ਹੈ, ਅਤੇ ਉਸ ਅਨਾਉਸ ਹੋਏ ਪ੍ਰੋਗਰਾਮ ਦੇ ਅਨੁਸਾਰ ਹੀ ਸਾਰਾ ਹਫਤਾ ਪ੍ਰੋਗਰਾਮ ਚੱਲਦਾ ਹੈ, ਅਤੇ ਬੈਂਕੋਕ ਗੁਰਦੁਆਰੇ ਰਾਤ ਨੂੰ ਕੋਈ ਵੀ ਪ੍ਰੋਗਰਾਮ ਨਹੀਂ ਹੁੰਦਾ ਸਾਰਾ ਸਮਾਂ ਦਿਨ ਦੇ ਪ੍ਰੋਗਰਾਮ ਹੁੰਦੇ ਹਨ, ਰਾਤ ਨੂੰ ਸਿਰਫ ਰਹਿਰਾਸ ਦਾ ਪਾਠ ਕਰਕੇ ਗ੍ਰੰਥੀ ਸਾਹਿਬ ਸਤਿਗੁਰ ਜੀ ਦਾ ਸੁੱਖ ਆਸਨ ਕਰ ਦੇਂਦੇ ਹਨ ਅਤੇ ਸਵੇਰੇ ਦੇ ਪ੍ਰੋਗਰਾਮ ਇਸ ਪ੍ਰਕਾਰ ਹੁੰਦੇ ਹਨ ਦੋ ਰਾਗੀ ਜਥੇ ਲੋਕਲ ਹਨ, ਜੋ ਸੰਗਤ ਵਿੱਚ ਹਨ ਤੇ ਪ੍ਰੇਮੀ ਜਥੇ ਹਨ ਅਤੇ ਇੱਕ ਇੱਕ ਦਿਨ ਏਹ ਜਥੇ ਵੀ ਆਸਾ ਦੀ ਵਾਰ ਦਾ ਕੀਰਤਨ ਕਰਦੇ ਹਨ ਤੇ ਸੋਮਵਾਰ ਵਾਲੇ ਦਿਨ ਬਾਹਰੋਂ ਸਦਿਆ ਹੋਇਆ ਰਾਗੀ ਜਥਾ ਆਸਾ ਦੀ ਵਾਰ ਦਾ ਕੀਰਤਨ ਸਵੇਰੇ 6 ਤੋਂ 8 ਵਜੇ ਤੱਕ ਕਰਦਾ ਹੈ, 8 ਤੋਂ 9 ਵਜੇ ਤੱਕ ਕਥਾ ਵਾਚਕ ਕਥਾ ਕਰਦੇ ਹਨ ਤੇ ਕਥਾ ਤੋਂ ਬਾਅਦ ਫਿਰ ਰਾਗੀ ਜਥਾ ਇੱਕ ਸ਼ਬਦ ਪੜ੍ਹ ਕੇ ਅਨੰਦ ਸਾਹਿਬ ਪੜ੍ਹ ਕੇ ਸਮਾਪਤੀ ਕਰ ਦੇਂਦਾ ਹੈ। ਮੰਲਗਵਾਰ ਦੀ ਵੀ ਏਹੀ ਉਤਲੀ ਮਰਿਯਾਦਾ ਹੈ, ਅਤੇ ਬੁੱਧਵਾਰ ਨੂੰ ਇਕ ਪ੍ਰੇਮੀਆਂ ਦਾ ਜਥਾ ਅਤੇ ਸਵੇਰੇ ਸਦਿਆ ਹੋਇਆ ਜਥਾ ਕੀਰਤਨ ਕਰਦਾ ਹੈ, ਤੇ ਫਿਰ ਕਥਾ ਤੋਂ ਬਾਅਦ ਫਿਰ ਇਕ ਸ਼ਬਦ ਦਾ ਕੀਰਤਨ ਕਰਕੇ ਸਮਾਪਤੀ ਹੁੰਦੀ ਹੈ। ਅਤੇ ਸ਼ੁੱਕਰਵਾਰ ਨੂੰ ਸੱਦਿਆ ਹੋਇਆ ਜਥਾ ਕੀਰਤਨ ਕਰਦਾ ਹੈ, ਸ਼ੁੱਕਰਵਾਰ ਵਾਲੇ ਦਿਨ ਸਾਰੇ ਦਸਮ ਪਾਤਸ਼ਾਹ ਜੀ ਦੀ ਬਾਣੀ ਵਿਚੋਂ ਹੀ ਕੀਰਤਨ ਕੀਤਾ ਜਾਦਾ ਹੇ ਅਤੇ ਸ਼ਨੀਵਾਰ ਨੂੰ ਪਹਿਲੇ ਪ੍ਰੇਮੀਆਂ ਦਾ ਜਥਾ ਅਥੀ ਆਸਾ ਦੀ ਵਾਰ ਕਰਦਾ ਹੈ ਤੇ ਫਿਰ ਡੇਢ ਘੰਟੇ ਬਾਹਰੋਂ ਸਦਿਆ ਜਥਾ ਕੀਰਤਨ ਕਰਦਾ ਹੇ, ਤੇ ਸ਼ਨੀਵਾਰ ਨੂੰ ਕਥਾ ਨਹੀਂ ਹੁੰਦੀ ਤੇ ਫਿਰ (ਐਤਵਾਰ ਨੂੰ ਸੱਦਿਆ ਹੋਇਆ ਜਥਾ 6 ਤੋਂ 8.30 ਵਜੇ ਤੱਕ ਆਸਾ ਦੀ ਵਾਰ ਦੇ ਕੀਰਤਨ ਕਰਦਾ ਹੈ ਤੇ 9.30 ਵਜੇ ਤੱਕ ਕਥਾ ਹੁੰਦੀ ਹੈ ਅਤੇ ਫਿਰ 9.30 ਤੋਂ 10.30 ਤੱਕ ਜਿਨ੍ਹਾਂ ਪ੍ਰੇਮੀਆਂ ਨੇ ਸ਼ਬਦ ਪੜ੍ਹਨੇ ਹੁੰਦੇ ਹਨ। ਜਿਹੜੇ ਜਥੇ ਬਿਨ੍ਹਾਂ ਸੱਦੇ ਹੀ ਪਹੁੰਚ ਜਾਦੇ ਹਨ ਉਹਨਾਂ ਵਿਚੋਂ ਇਕ ਜਥੇ ਨੂੰ ਅੱਧਾ ਘੰਟੇ ਦਾ ਸਮਾਂ ਦਿੱਤਾ ਜਾਦਾ ਸੀ ਤੇ 11 ਵਜੇ ਫਿਰ ਸੱਦੇ ਹੋਏ ਜਥੇ ਨੂੰ ਪੌਣਾ ਘੰਟਾ ਸਮਾਂ ਦਿੱਤਾ ਜਾਂਦਾ ਹੈ ਅਤੇ ਏਹੀ ਜਥਾ ਅਨੰਦ ਸਾਹਿਬ ਪੜ੍ਹ ਕੇ ਸਮਾਪਤੀ ਕਰਦਾ ਹੈ ਸਮੇਂ ਦੀ ਪੂਰੀ ਪਾਬੰਦੀ ਹੈ ਜੋ

ਕਈ ਉਲੰਘਣਾ ਨਹੀਂ ਕਰ ਸਕਦਾ, ਅਤੇ ਆਸਾ ਦੀ ਵਾਰ ਦੇ ਆਖਰੀ ਸਲੋਕ ਪੜ੍ਹਨ ਤੋ ਪਹਿਲਾਂ ਜੋ ਸਵੇਰੇ ਪਹਿਲਾ ਵਾਕ ਗੁਰੂ ਗ੍ਰੰਥ ਸਾਹਿਬ ਜੀ ਦਾ ਆਉਂਦਾ ਹੈ ਉਸ ਸ਼ਬਦ ਦਾ ਕੀਰਤਨ ਕਰਕੇ ਤੇ ਆਖਰੀ ਸਲੋਕ ਪੜ੍ਹਨਾ ਹੁੰਦਾ ਹੈ। ਰਤਨ ਜੀ ਦੀ ਇਹ ਖਾਸੀਅਤ ਸੀ ਕਿ ਜਿਸ ਰਾਗ ਦਾ ਸ਼ਬਦ ਹੋਵੇ ਉਸੇ ਰਾਗ ਵਿੱਚ ਹੀ ਉਹ ਸ਼ਬਦ ਪੜਦੇ ਸਨ।

ਅਗਰ ਸਵੇਰੇ ਦੇ ਸਮੇਂ ਕਿਸੇ ਦੇ ਘਰ ਕੋਈ ਪ੍ਰੋਗਰਾਮ ਹੁੰਦਾ ਸੀ ਤਾਂ ਫਿਰ ਸਾਰਾ ਸਤਸੰਗ ਉੱਥੇ ਹੀ ਹੁੰਦਾ ਸੀ। ਗੁਰਦੁਆਰਾ ਸਾਹਿਬ ਉਸ ਦਿਨ ਕੋਈ ਵੀ ਪ੍ਰੋਗਰਾਮ ਨਹੀਂ ਸੀ ਹੁੰਦਾ ਸੋ ਇਸ ਤਰ੍ਹਾਂ ਪੂਰੇ ਹਫਤੇ ਦਾ ਪ੍ਰੋਗਰਾਮ ਚੱਲਦਾ ਹੈ। ਇਸ ਗੁਰਦੁਆਰੇ ਪ੍ਰਬੰਧਕਾਂ ਲਈ ਵੀ ਇਕ ਨਿਯਮ ਪੱਕਾ ਹੈ ਜੋ ਹਰ ਕਿਸੇ ਨੂੰ ਮੰਨਣਾ ਜ਼ਰੂਰੀ ਹੈ, ਉਹ ਇਹ ਹੈ ਕਿ ਗੁਰਦੁਆਰੇ ਦੇ ਪ੍ਰਧਾਨ ਅਤੇ ਜਰਨਲ ਸਕੱਤਰ ਅਤੇ ਸਟੇਜ ਸਕੱਤਰ ਤੇ ਖਜਾਨਚੀ ਇਹ ਚਾਰੇ ਸੱਜਣ ਆਸਾ ਦੀ ਵਾਰ ਦੇ ਕੀਰਤਨ ਸ਼ੁਰੂ ਹੋਣ ਤੋਂ ਪਹਿਲਾਂ 15 ਮਿੰਟ ਪਹਿਲੇ, ਗੁਰਦੁਆਰੇ ਹਾਜ਼ਰ ਹੋਣੇ ਚਾਹੀਦੇ ਹਨ।

ਯਾਦਗਾਰ ਘਟਨਾ

ਅਗਸਤ ਮਹੀਨੇ ਵਿੱਚ ਥਾਈਲੈਂਡ ਦੀ ਮਹਾਰਾਣੀ ਦਾ ਜਨਮ ਦਿਨ ਹੁੰਦਾ ਹੈ, ਤੇ ਇਸ ਵਾਰ ਵੀ ਸੰਨ 1983 ਵਿੱਚ ਮਹਾਰਾਣੀ ਦਾ ਜਲਮ ਦਿਨ ਬੈਂਕੋਕ ਦੇ ਇਕ ਖੁੱਲ੍ਹੇ ਮੈਦਾਨ ਵਿੱਚ ਮਨਾਇਆ ਗਿਆ ਅਤੇ ਓਹ ਸਭ ਧਰਮਾਂ ਦੇ ਪੈਰੋਕਾਰਾਂ ਨੇ ਵਾਰੀ ਵਾਰੀ ਆਪੋ ਆਪਣੇ ਢੰਗ ਨਾਲ ਮਹਾਰਾਣੀ ਦਾ ਜਨਮ ਦਿਨ ਮਨਾਇਆ। ਸਿੱਖ ਧਰਮ ਵਲੋਂ ਸਿੰਘ ਸਭਾ ਬੈਂਕੋਕ ਵਲੋਂ ਵੀ ਇਹ ਪ੍ਰੋਗਰਾਮ ਕੀਤਾ ਗਿਆ, ਉਸ ਪ੍ਰੋਗਰਾਮ ਸਭ ਤੋਂ ਪਹਿਲੇ ਡਾ. ਕਰਮ ਸਿੰਘ ਰਤਨ ਜੀ ਦੇ ਜਥੇ ਪਾਸੋਂ ਕੀਰਤਨ ਕਰਵਾਇਆ ਗਿਆ। ਇਸ ਪ੍ਰੋਗਰਾਮ ਵਿੱਚ ਥਾਈਲੈਂਡ ਦੀ ਮਹਾਰਾਣੀ ਆਪ ਖੁਦ ਸ਼ਾਮਿਲ ਸੀ, ਉਸ ਤੋਂ ਬਾਅਦ ਅਰਦਾਸ ਕਰਕੇ ਪ੍ਰੋਗਰਾਮ ਦੀ ਸਮਾਪਤੀ ਕਰ ਦਿੱਤੀ ਸੀ, ਅਤੇ ਉਸ ਪ੍ਰੋਗਰਾਮ ਦੀਆਂ ਜੋ ਸਰਕਾਰੀ ਕੈਮਰੇ ਵਾਲੀਆਂ ਨੇ ਫੋਟੋ ਲਈਆਂ, ਉਹਨਾਂ ਵਿੱਚ ਰਤਨ ਜੀ ਦੀ ਫੋਟੋ ਵੀ ਲਈ ਗਈ ਅਤੇ ਉਹ ਫੋਟੋ ਭਾਈ ਸਾਹਿਬ ਜੀ ਥਾਈਲੈਂਡੇ ਦੇ ਬਾਦਸ਼ਾਹ ਦੇ ਮਹਿਲ ਵਿੱਚ ਅੱਜ ਵੀ ਲੱਗੀ ਹੋਈ ਹੈ ਜੋ ਕੀਰਤਨ ਦੀ ਪੱਕੀ ਯਾਦਗਾਰ ਬਣ ਗਈ ਹੈ।

ਰਤਨ ਜੀ ਦੀ ਕੀਰਤਨ ਰੀਕਾਰਡਿੰਗ

ਬੈਂਕੋਕ ਵਿੱਚ ਇਕ ਸਰਦਾਰ ਸੁਰਜੀਤ ਸਿੰਘ ਦੂਆ ਜੀ ਸਨ, ਉਹ ਸਭ ਰਾਗੀਆਂ ਦਾ ਕੀਰਤਨ ਰੀਕਾਰਡ ਕਰਦੇ ਸਨ ਜਿਸ ਰਾਗੀ ਨੂੰ ਵੀ ਸਭਾ ਬੁਲਾਉਂਦੀ ਸੀ ਤਾਂ ਉਹਨਾਂ ਨੇ ਭਾਈ ਕਰਮ ਸਿੰਘ ਰਤਨ ਜੀ ਦੇ ਜਥੇ ਦਾ ਵੀ ਕੀਰਤਨ ਰੀਕਾਰਡ ਕੀਤਾ ਜੋ ਕਿ 90 90 ਮਿੰਟ ਦੀਆਂ ਤਿੰਨ ਕੈਸਿਟਾਂ ਸਨ। ਜਿਨ੍ਹਾਂ ਦੇ ਨੰਬਰ ਹਨ 345, 346, 347 ਅਤੇ ਇਹਨਾਂ ਤਿੰਨਾਂ ਕੈਸਿਟਾਂ ਵਿੱਚ ਭਾਈ ਕਰਮ ਸਿੰਘ ਰਤਨ ਜੀ ਦੀਆਂ ਬੇ ਮਿਸਾਲ ਬੰਦਿਸ਼ਾਂ ਹਨ। ਇਹਨਾਂ ਨੂੰ ਸੁਣ ਕੇ ਸਰੋਤਾ ਮੰਤਰ ਮੁਗਧ ਹੋ ਜਾਂਦਾ ਹੈ। ਸ. ਸੁਰਜੀਤ ਸਿੰਘ ਦੂਆ ਜੀ ਨੇ ਰਤਨ ਜੀ ਨੂੰ ਦੱਸਿਆ ਕਿ ਰਤਨ ਜੀ ਦੇ ਕੀਰਤਨ ਦੀਆਂ ਕੈਸਟਾਂ ਦੀ ਸਭ ਤੋਂ ਜਿਆਦਾ ਵਿਕਰੀ ਹੋਈ ਹੈ। (ਚੱਲਦਾ)

42 ਬੀ/2, ਖਸਰਾ ਨੰ: 25/3, ਦੀਪਕ ਵਿਹਾਰ, ਚੰਦਰ ਵਿਹਾਰ ਨਿਲੋਠੀ ਐਕਸਟੈਂਸਨ,
ਨਵੀਂ ਦਿੱਲੀ 110041, ਮੋਬਾ : 09968231247

# ਬਸੰਤੁ ਮਹਲਾ ੫

ਗੁਰਬਖਸ਼ ਸਿੰਘ

ਠਾਠ–ਪੂਰਬੀ ਵਾਦੀ– ਸੰ/ ਸਮਵਾਦੀ – ਪ / ਜਾਤ ਖਾ : ਸੰ : / ਰੁ ਧੁ ਕੋਮਲ – ਦੋਵੇ ਮ
ਵਰਜਤ – ਰੁ ਨ ਆਰੋਹ ਵਿਚ
ਆਰੋਹ – ਸ ਗ, ਮੇ ਧੁ ਰੁੰ ਸੰ
ਅਵਰੋਹ – ਰੁੰ ਨ ਧੁ ਪ ਮੇ ਗ ਮੇ ਗ ਮੇ ਧੁ ਮੇ ਗ ਰੁ ਸ ਮ
ਸਮਾਂ : ਰਾਤ ਚੌਥਾ ਪਹਿਰ ਜਾਂ ਰੁਤ ਸਮੇਂ

**ਸਥਾਈ :– ਬਸੰਤ (ਝੱਪ ਤਾਲ)**
**ਅਸਥਾਈ**

| | | | | | | | | | |
|---|---|---|---|---|---|---|---|---|---|
| ਸੰ | ਨ | ਧੁ | – | ਪ | ਮ̍ | ਧੁ | ਮ̍ | – | ਗ |
| ਰਾ | ਮ | ਰਾ | S | ਮ | ਬੋ | S | ਲ | S | S |
| ਮ | – | [ਸੰ]ਧੁ | – | [ਧੁ]ਰੁੰ | ਸੰ | – | ਸੰ | – | ਸੰ |
| ਰਾ | S | S | S | ਮ | ਰਾ | S | S | S | ਮ |
| ਸੰਸੰ | ਨ | ਧੁ | ਨ | ਰੁੰ | ਨ | ਧੁ | ਪ | – | – |
| ਤਿਆ | S | ਗ | ਹੁ | S | ਮ | ਨ | ਕੇ | S | S |
| ਮ̍ | ਮ̍ | ਗ | – | ਮ̍ | ਗ | ਰੁ | ਸ | – | ਸ |
| ਸ | ਗ | ਲ | S | S | ਕਾ | S | S | S | ਮ |
| | | | | | | | | | |
| **ਅੰਤਰਾ:–** | | | | | | | | | |
| ਮ̍ | ਗ | ਮ̍ | – | ਧ | ਸੰ | – | ਸੰ | ਰੁੰ | ਸੰ |
| ਜਿ | ਸ | ਬੋ | S | ਲ | ਤ | S | ਮੁ | S | ਖ |
| ਸੰ | – | ਗੰ | – | ਮ̍ੰ | ਗੰ | ਰੁੰ | ਸੰ | – | – |
| ਪ | S | ਵਿ | S | ਤ | ਹੋ | S | ਇ | S | S |
| ਸੰ | ਨ | ਧੁ | – | ਪ | [ਪ]ਮ̍ | [ਮ̍]ਧੁ | [ਧੁ]ਮ̍ | – | ਗ |
| ਜਿ | ਸ | ਸਿ | S | ਮ | ਰ | ਤ | ਨਿ | S | ਰ |
| [ਗ]ਨ | [ਧੁ]ਮ̍ | ਗ | – | ਮ̍ | ਗ | ਰੁ | ਸ | – | – |
| ਮ | ਲ | ਹੈ | S | S | ਸੋ | S | ਇ | S | S |
| ਸਸ | ਸ | ਮ | ਮ | – | ਮ̍– | [ਗ]ਮ̍ | ਗ | – | – |
| ਤਿਆ | S | ਗ | ਹੁ | S | ਮS | ਨ | ਕੇ | S | S |
| ਧੁ | ਮ̍ | ਗ | – | ਮ̍ | ਗ | ਰੁ | ਸ | – | ਸ |
| ਸ | ਗ | ਲ | S | S | ਕਾ | S | S | S | ਸ |

(ਪੁਸਤਕ ਰਾਗਾਂਜਲੀ ਵਿਚੋਂ)

# ਸ਼ਬਦ ਦੇ ਅਰਥ

**ਬਬਬਬਬਬਬਬਬ ॥**

**ਜਿਸ ਬੋਲਤ ਮੁਖੁ ਪਵਿਤੁ ਹੋਇ॥**
Chanting His Name, one's mouth becomes pure.
**ਜਿਸੁ ਸਿਮਰਤ ਨਿਰਮਲ ਹੈ ਸੋਇ॥**
Meditating in remembrance on Him, one's reputation becomes stainless.
**ਜਿਸੁ ਅਰਾਧੇ ਜਮੁ ਕਿਛੁ ਨ ਕਹੈ॥**
Worshipping Him in adoration, one is not tortured by the Messenger of Death.
**ਜਿਸ ਕੀ ਸੇਵਾ ਸਭੁ ਕਿਛੁ ਲਹੈ॥੧॥**
Serving Him, everything is obtained. ||1||
**ਰਾਮ ਰਾਮ ਬੋਲਿ ਰਾਮ ਰਾਮ ॥**
The Lord's Name - chant the Lord's Name.
**ਤਿਆਗਹੁ ਮਨ ਕੇ ਸਗਲ ਕਾਮ॥੧॥ ਰਹਾਉ॥**
Abandon all the desires of your mind. ||1||Pause||
**ਜਿਸ ਕੇ ਧਾਰੇ ਧਰਣਿ ਅਕਾਸੁ॥**
He is the Support of the earth and the sky.
**ਘਟਿ ਘਟਿ ਜਿਸ ਕਾ ਹੈ ਪ੍ਰਗਾਸੁ॥**
His Light illuminates each and every heart.
**ਜਿਸੁ ਸਿਮਰਤ ਪਤਿਤ ਪੁਨਿਤ ਹੋਇ॥**
Meditating in remembrance on Him, even fallen sinners are sanctified;
**ਅੰਤ ਕਾਲਿ ਫਿਰਿ ਨ ਰੋਇ ॥੨॥**
In the end, they will not weep and wail over and over again. ||2||
**ਸਗਲ ਧਰਮ ਮਹਿ ਉਤਮ ਧਰਮ॥**
Among all religions, this is the ultimate religion.
**ਕਰਮ ਕਰਤੂਤਿ ਕੈ ਉਪਰਿ ਕਰਮ॥**
Among all rituals and codes of conduct, this is above all.
**ਜਿਸ ਕਉ ਚਾਹਹਿ ਸੁਰਿ ਨਰ ਦੇਵ॥**
The angels, mortals and divine beings long for Him.
**ਸਤੰ ਸਭਾ ਕੀ ਲਗਹੁ ਸੇਵ॥੩॥**
To find Him, commit yourself to the service of the Society of the Saints. ||3||
**ਆਦਿ ਪੁਰਖਿ ਜਿਸੁ ਕੀਆ ਦਾਨੁ॥**
One whom the Primal Lord God blesses with His bounties,
**ਤਿਸ ਕਉ ਮਿਲਿਆ ਹਰਿ ਨਿਧਾਨੁ॥**
Obtains the treasure of the Lord.
**ਤਿਸ ਕੀ ਗਤਿ ਮਿਤਿ ਕਹੀ ਨਾ ਜਾਇ॥**
His state and extent cannot be described.
**ਨਾਨਕ ਜਨ ਹਰਿ ਹਰਿ ਧਿਆਇ॥੪॥੯॥**
Servant Nanak meditates on the Lord, Har, Har. ||4||9||

Postal Regd. No. CH/0045/2015-2017 RNI Regd.No. 46788/89 ISSN 0972-2335

